# ਸਾਲਾਨਾ ਰਿਪੋਰਟ 2016-17

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫ਼ਤਹਿ ॥

ਸਤਿਕਾਰਤ **ਪ੍ਰੋ. ਕਿਰਪਾਲ ਸਿੰਘ ਬਡੂੰਗਰ ਜੀ, ਡਾ. ਪਵਨ ਕੁਮਾਰ ਸਿੰਗਲਾ ਜੀ, ਡਾ. ਦਵਿੰਦਰ ਸਿੰਘ ਜੀ,** ਸਿੱਖਿਆ ਦੇ ਖ਼ੇਤਰ ਨਾਲ ਜੁੜੀਆਂ ਹੋਈਆਂ ਇਲਾਕੇ ਦੀਆਂ ਮੁਅੱਜ਼ਜ਼ ਸ਼ਖ਼ਸੀਅਤਾਂ, ਅਫ਼ਸਰ ਸਾਹਿਬਾਨ, ਵੱਖ-ਵੱਖ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ, ਅਧਿਆਪਕ ਸਾਹਿਬਾਨ, ਸਾਬਕਾ ਸਟਾਫ਼ ਮੈਂਬਰ ਸਾਹਿਬਾਨ, ਪ੍ਰੈੱਸ ਮੈਂਬਰ ਸਾਹਿਬਾਨ ਅਤੇ ਡਿਗਰੀ ਹਾਸਿਲ ਕਰਨ ਵਾਲੇ ਪਿਆਰੇ ਵਿਦਿਆਰਥੀਓ, ਮੈਂ, ਕਾਲਜ ਦੀ ਪ੍ਰਬੰਧਕ ਕਮੇਟੀ, ਕਾਲਜ ਦੇ ਸਟਾਫ਼ ਮੈਂਬਰਜ਼ ਅਤੇ ਆਪਣੇ ਵੱਲੋਂ, ਆਪ ਸਭ ਜੀ ਦਾ, ਕਾਲਜ ਦੀ ਸਾਲਾਨਾ ਕਨਵੋਕੇਸ਼ਨ ਮੌਕੇ ਕਾਲਜ ਵਿਚ ਆਉਣ 'ਤੇ ਨਿੱਘਾ ਸੁਆਗਤ ਕਰਦਾ ਹਾਂ।

ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ ਖ਼ਾਲਸਾ ਕਾਲਜ ਪਟਿਆਲਾ ਵਾਸਤੇ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਸਿੱਖਾਂ ਦੀ ਸਰਵ-ਉੱਚ ਸੰਸਥਾ **ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ** ਅੱਜ ਬਤੌਰ **ਮੁੱਖ ਮਹਿਮਾਨ** ਇਸ ਸਾਲਾਨਾ ਕਨਵੋਕੇਸ਼ਨ ਦੌਰਾਨ ਸਾਡੇ ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕਰਨ ਵਾਸਤੇ ਆਏ ਹਨ। **ਅੰਗ੍ਰੇਜ਼ੀ ਵਿਸ਼ੇ ਵਿਚ ਐੱਮ.ਏ.** ਕਰਨ ਤੋਂ ਬਾਅਦ ਆਪ ਜੀ ਨੇ ਫ਼ਤਹਿਗੜ੍ਹ ਸਾਹਿਬ ਕਾਲਜ ਵਿਖੇ ਅਧਿਆਪਨ ਦਾ ਕਾਰਜ ਕੀਤਾ। ਸਾਹਿਤ ਨਾਲ ਆਪ ਜੀ ਦਾ ਡੂੰਘਾ ਲਗਾਵ ਹੈ, ਜਿਸ ਕਰਕੇ ਆਪ ਜੀ ਨੂੰ **ਪੰਜਾਬੀ ਸਾਹਿਤ ਅਕਾਦਮੀ ਦਾ ਲਾਈਫ਼-ਮੈਂਬਰ** ਬਣਾਇਆ ਗਿਆ ਹੈ। ਆਪ ਜੀ ਖੋਜੀ-ਬਿਰਤੀ ਦੇ ਮਾਲਿਕ ਹਨ ਅਤੇ ਧਰਮ ਅਤੇ ਫ਼ਲਸਫ਼ੇ ਦੇ ਮਾਹਿਰ ਹਨ। ਆਪ ਜੀ 1996-2001 ਤੱਕ **ਪੰਜ ਸਾਲ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ** ਰਹੇ। ਆਪ ਜੀ ਨੇ ਪਹਿਲਾਂ ਨਵੰਬਰ 30, 2001 ਤੋਂ ਜੁਲਾਈ, 2003 ਤੱਕ **ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਸੇਵਾ ਨਿਭਾਈ** ਤੇ ਆਪ ਜੀ **ਪੰਜਾਬ ਰਾਜ ਪਿਛੜੀਆਂ ਜਾਤਾਂ ਕਮਿਸ਼ਨ ਦੇ ਚੇਅਰਮੈਨ** ਵੀ ਰਹੇ। ਪਿਛਲੇ ਸਮੇਂ ਦੌਰਾਨ ਆਪ ਜੀ ਨੇ **ਸਿੱਖ ਸਿਧਾਂਤਾਂ ਅਤੇ ਸਿੱਖ ਦਰਸ਼ਨ ਨਾਲ ਸਬੰਧਿਤ 6 ਪੁਸਤਕਾਂ ਵੀ ਲਿਖੀਆਂ** ਹਨ, ਜਿਸਦੇ ਲਈ ਅਸੀਂ ਹੀ ਨਹੀਂ ਬਲਕਿ ਦੁਨੀਆ ਭਰ ਵਿਚ ਜਿੱਥੇ ਵੀ ਸੁਹਿਰਦ ਪਾਠਕ ਬੈਠੇ ਹਨ, ਉਨ੍ਹਾਂ ਨੂੰ ਆਪਣੇ ਅਣਮੁੱਲੇ ਵਿਚਾਰਾਂ ਨਾਲ ਨਿਹਾਲ ਕੀਤਾ ਹੈ। ਆਪ ਜੀ ਦੀਆਂ ਸਾਰੀਆਂ ਕਿਤਾਬਾਂ ਨੂੰ ਦੁਨੀਆ ਭਰ ਤੋਂ ਭਰਵਾਂ ਹੁੰਗਾਰਾ ਮਿਲਿਆ ਹੈ।

ਸਾਡੇ ਵਾਸਤੇ ਇਹ ਬੜੇ ਮਾਨ ਵਾਲੀ ਗੱਲ ਹੈ ਕਿ ਉੱਚ ਸਿੱਖਿਆ ਦੇ ਖ਼ੇਤਰ ਨਾਲ ਜੁੜੀ ਅਹਿਮ ਸ਼ਖ਼ਸੀਅਤ **ਡਾ. ਦਵਿੰਦਰ ਸਿੰਘ** ਇਸ ਸਾਲਨਾ ਕਨਵੋਕੇਸ਼ਨ ਦੌਰਾਨ ਸਾਡੇ ਵਿਦਿਆਰਥੀਆਂ ਨੂੰ **ਕਨਵੋਕੇਸ਼ਨ ਭਾਸ਼ਣ ਦੇਣ ਵਾਸਤੇ ਆਏ ਹਨ। ਜੁਆਲੋਜੀ ਵਿਸ਼ੇ ਦੇ ਪ੍ਰੋਫ਼ੈਸਰ** ਡਾ. ਦਵਿੰਦਰ ਸਿੰਘ 2014 ਵਿਚ ਪੰਜਾਬੀ ਯੂਨੀਵਰਸਿਟੀ ਦੇ **ਰਜਿਸਟਰਾਰ** ਦੇ ਅਹੁਦੇ 'ਤੇ ਨਿਯੁਕਤ ਕੀਤੇ ਗਏ। ਇਸ ਤੋਂ ਪਹਿਲਾਂ ਉਹ ਯੂਨੀਵਰਸਿਟੀ ਵਿਚ **ਡਾਇਰੈਕਟਰ, ਪਲਾਨਿੰਗ ਅਤੇ ਮੋਨੀਟਰਿੰਗ, ਮੁਖੀ ਜੁਆਲੋਜੀ ਵਿਭਾਗ, ਹੋਸਟਲ ਵਾਰਡਨ** ਅਤੇ **ਯੂ.ਜੀ.ਸੀ. ਕੋਆਰਡੀਨੇਟਰ** ਵਰਗੇ ਮਹੱਤਵਪੂਰਨ ਅਹੁਦਿਆਂ 'ਤੇ ਕੰਮ ਕਰ ਚੁੱਕੇ ਹਨ। ਹੁਣ ਤੱਕ 24 ਵਿਦਿਆਰਥੀਆਂ ਨੂੰ ਪੀਐੱਚ.ਡੀ. ਕਰਵਾ ਚੁੱਕੇ ਹਨ। ਪਿਛਲੇ ਸਮੇਂ ਦੌਰਾਨ ਉਸਨੇ University of Illinois, Chicago, USA ਤੋਂ Forensic Entomology ਵਿਸ਼ੇ 'ਤੇ ਟ੍ਰੇਨਿੰਗ ਹਾਸਿਲ ਕੀਤੀ ਹੈ।

ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ ਖ਼ਾਲਸਾ ਕਾਲਜ, ਪਟਿਆਲਾ ਵਾਸਤੇ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਸਿੱਖਿਆ ਦੇ ਖ਼ੇਤਰ ਨਾਲ ਜੁੜੀ ਅਹਿਮ ਸ਼ਖ਼ਸੀਅਤ **ਡਾ. ਪਵਨ ਕੁਮਾਰ ਸਿੰਗਲਾ ਜੀ**, ਅੱਜ ਸਾਲਾਨਾ ਕਨਵੋਕੇਸ਼ਨ ਦੌਰਾਨ ਬਤੌਰ **ਵਿਸ਼ੇਸ਼ ਮਹਿਮਾਨ** ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕਰਨ ਵਾਸਤੇ ਆਏ ਹਨ। ਸ੍ਰੀ ਪਵਨ ਕੁਮਾਰ ਸਿੰਗਲਾ, ਜਿਹੜੇ ਪਹਿਲਾਂ ਮੋਦੀ ਕਾਲਜ, ਪਟਿਆਲਾ ਵਿਚ ਇਤਿਹਾਸ ਦੇ ਪ੍ਰੋਫ਼ੈਸਰ ਸਨ, ਨੂੰ 2009 ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ **ਕੰਟ੍ਰੋਲਰ ਪ੍ਰੀਖਿਆਵਾਂ** ਵਜੋਂ ਨਿਯੁਕਤ ਕੀਤਾ ਗਿਆ। ਆਪ 6 ਸਾਲ ਲਈ (2015 ਤੱਕ) ਇਸ ਅਹੁਦੇ 'ਤੇ ਬਿਰਾਜਮਾਨ ਰਹੇ। ਇਨ੍ਹਾਂ ਦੀ ਸੁਚੱਜੀ ਅਗਵਾਈ ਸਦਕਾ ਪੰਜਾਬੀ ਯੂਨੀਵਰਸਿਟੀ ਦੇ ਪ੍ਰੀਖਿਆ ਪ੍ਰਬੰਧਾਂ ਵਿਚ ਵਰਣਨਯੋਗ ਸੁਧਾਰ ਕੀਤੇ ਗਏ। ਮੌਜੂਦਾ ਸਮੇਂ ਦੌਰਾਨ ਆਪ **ਸੂਚਨਾ ਕਮਿਸ਼ਨਰ, ਪੰਜਾਬ**, ਦੇ ਅਹੁਦੇ 'ਤੇ ਸੇਵਾਵਾਂ ਨਿਭਾਅ ਰਹੇ ਹਨ।

ਆਪਣੀ ਸਥਾਪਤੀ ਦੇ **57 ਵਰ੍ਹੇ ਪੂਰੇ ਕਰ ਚੁੱਕੇ** ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ ਖ਼ਾਲਸਾ ਕਾਲਜ, ਪਟਿਆਲਾ ਦਾ ਪੰਜਾਬ ਦੀਆਂ ਵਿਦਿਅਕ ਸੰਸਥਾਵਾਂ ਵਿਚ ਅਹਿਮ ਸਥਾਨ ਹੈ। ਮੌਜੂਦਾ ਸਮੇਂ ਦੌਰਾਨ 6600 ਦੇ ਕਰੀਬ ਵਿਦਿਆਰਥੀਆਂ ਦੀ ਗਿਣਤੀ ਵਾਲੇ ਇਸ ਕਾਲਜ ਵਿਚ ਸਾਇੰਸ, ਕਾਮਰਸ, ਮੈਨੇਜਮੈਂਟ, ਕੰਪਿਊਟਰ ਅਤੇ ਆਰਟਸ ਵਿਸ਼ਿਆਂ ਦੇ ਗ੍ਰੇਜੂਏਟ ਅਤੇ ਪੋਸਟ ਗ੍ਰੇਜੂਏਟ ਕੋਰਸਾਂ ਤੋਂ ਇਲਾਵਾ ਕਮਿਊਨਿਟੀ ਕਾਲਜ ਅਧੀਨ ਪੇਸ਼ਾਵਰ ਕਿੱਤਿਆਂ ਨਾਲ ਸਬੰਧਿਤ ਕੋਰਸ ਅਤੇ ਕਈ ਕਿੱਤਾ ਮੁਖੀ ਕੋਰਸਾਂ ਨਾਲ ਸਬੰਧਿਤ ਅਜਿਹੇ ਕੋਰਸ ਵੀ ਕਰਵਾਏ ਜਾ ਰਹੇ ਹਨ, ਜੋ ਮੌਜੂਦਾ ਸਮੇਂ ਦੀ ਮੰਗ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੀਆਂ ਵਿਦਿਅਕ ਸੰਸਥਾਵਾਂ ਵਿਚ ਮੋਹਰੀ ਸਥਾਨ ਹਾਸਲ ਕਰ ਚੁੱਕੇ ਖ਼ਾਲਸਾ ਕਾਲਜ, ਪਟਿਆਲਾ ਦਾ **ਇਤਿਹਾਸ ਬਹੁਤ ਹੀ ਗੌਰਵਸ਼ਾਲੀ** ਹੈ। ਸ੍ਰੀ ਗੁਰੂ ਸਿੰਘ ਸਭਾ ਪਟਿਆਲਾ ਅਤੇ ਇਸ ਨਾਲ ਜੁੜੀਆਂ ਪਟਿਆਲਾ ਸ਼ਹਿਰ ਦੀਆਂ ਸੂਝਵਾਨ, ਅਕਾਦਮਿਕ ਸੋਚ ਵਾਲੀਆਂ, ਸਤਿਕਾਰਯੋਗ ਅਤੇ ਮਹਾਨ ਸ਼ਖ਼ਸੀਅਤਾਂ ਦੇ ਉੱਦਮ ਅਤੇ ਯਤਨਾਂ

ਸਦਕਾ ਇਕ ਕਾਊਂਸਲ ਅਤੇ ਪ੍ਰਬੰਧਕੀ ਕਮੇਟੀ ਬਣਾ ਕੇ ਮਿਤੀ **18 ਜੁਲਾਈ 1960** ਨੂੰ ਖ਼ਾਲਸਾ ਕਾਲਜ, ਪਟਿਆਲਾ ਦਾ **ਪਹਿਲਾ ਸੈਸ਼ਨ ਆਰੰਭ** ਕੀਤਾ ਗਿਆ। ਖ਼ਾਲਸਾ ਕਾਲਜ, ਪਟਿਆਲਾ ਨੂੰ ਆਰੰਭ ਕਰਨ ਵਿਚ - ਪਟਿਆਲਾ ਸ਼ਹਿਰ ਦੇ ਮਸ਼ਹੂਰ ਚੈਸਟ ਸਪੈਸ਼ਲਿਸਟ, ਸਮਾਜ ਸੇਵਕ ਅਤੇ ਭਾਰਤ ਦੇ ਰਾਸ਼ਟਰਪਤੀ ਦੁਆਰਾ ਪਦਮ ਸ਼੍ਰੀ ਅਵਾਰਡ ਨਾਲ ਸਨਮਾਨਿਤ **ਡਾ. ਖੁਸ਼ਦੇਵਾ ਸਿੰਘ** ਅਤੇ ਸਿੱਖ ਇਤਿਹਾਸ ਦੇ ਥੰਮ੍ਹ **ਡਾ. ਗੰਡਾ ਸਿੰਘ** ਨੇ ਮੁੱਖ ਰੋਲ ਅਦਾ ਕੀਤਾ। ਸ੍ਰੀ ਗੁਰੂ ਸਿੰਘ ਸਭਾ ਪਟਿਆਲਾ ਨੇ ਇਸ ਕਾਲਜ ਨੂੰ ਸ਼ੁਰੂ ਕਰਨ, ਚਲਾਉਣ ਅਤੇ ਹੋਰ ਬਿਹਤਰ ਬਣਾਉਣ ਲਈ ਆਪਣੇ ਨਿੱਜੀ ਖ਼ਜ਼ਾਨਿਆਂ ਵਿਚੋਂ ਮਾਇਆ ਦੀ ਵਰਤੋਂ ਕੀਤੀ। **ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ, ਪਟਿਆਲਾ ਨੇ ਇਸ ਕਾਲਜ ਨੂੰ ਸ਼ੁਰੂ ਕਰਨ ਲਈ ਇਮਾਰਤ ਦਿੱਤੀ** ਜਿੱਥੇ ਇਹ ਕਾਲਜ ਕਈ ਸਾਲ ਪੂਰੀ ਕਾਮਯਾਬੀ ਨਾਲ ਚਲਦਾ ਰਿਹਾ ਅਤੇ ਸੰਨ 1972 ਵਿਚ ਇਹ ਹੁਣ ਵਾਲੇ ਸਥਾਨ 'ਤੇ ਸਥਾਪਿਤ ਹੋਇਆ। **ਮਿਤੀ 15 ਮਈ, 1991 ਨੂੰ ਇਸ ਕਾਲਜ ਦਾ ਪ੍ਰਬੰਧ ਮੁਕੰਮਲ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਸਰਪ੍ਰਸਤੀ ਅਧੀਨ ਚਲਾ ਗਿਆ।** ਇਸ ਕਮੇਟੀ ਦੇ ਪ੍ਰਬੰਧ ਅਧੀਨ ਕਾਲਜ ਨੇ ਤਰੱਕੀ ਦੀਆਂ ਬੁਲੰਦੀਆਂ ਨੂੰ ਛੂਹਿਆ ਅਤੇ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਕੀਤੀ।

ਕਾਲਜ ਨੂੰ ਸਥਾਪਤ ਕਰਨ ਅਤੇ ਚਲਾਉਣ ਵਿਚ **ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ ਟਰੱਸਟ** ਨੇ **ਮਹੱਤਵਪੂਰਨ ਯੋਗਦਾਨ** ਪਾਇਆ। ਕਾਲਜ, ਟਰੱਸਟ ਦੇ ਬਾਨੀ ਸਵਰਗਵਾਸੀ **ਬ੍ਰਿਗੇਡੀਅਰ ਕੁਸ਼ਲਪਾਲ ਸਿੰਘ** ਅਤੇ ਸਵਰਗਵਾਸੀ **ਸਰਦਾਰ ਗੁਰਦਰਸ਼ਨ ਸਿੰਘ** ਦੇ ਯੋਗਦਾਨ ਦਾ ਹਮੇਸ਼ਾਂ ਰਿਣੀ ਹੈ। ਟਰੱਸਟ ਦੇ ਪ੍ਰਧਾਨ ਸਵਰਗਵਾਸੀ **ਸਰਦਾਰ ਸੁਰਜੀਤ ਸਿੰਘ ਮਜੀਠੀਆ** (ਸਾਬਕਾ ਉਪ ਰੱਖਿਆ ਮੰਤਰੀ, ਭਾਰਤ ਸਰਕਾਰ) ਨੇ ਖ਼ਾਸ ਤੌਰ 'ਤੇ ਕਾਲਜ ਦੀ ਬਿਹਤਰੀ ਅਤੇ ਵਿੱਦਿਅਕ ਜ਼ਰੂਰਤਾਂ ਵੱਲ ਧਿਆਨ ਦਿੱਤਾ। ਸਰਦਾਰ ਸੁਰਜੀਤ ਸਿੰਘ ਮਜੀਠੀਆ ਤੋਂ ਬਾਅਦ ਉਹਨਾਂ ਦੇ ਸਪੁੱਤਰ **ਸਰਦਾਰ ਸਤਿਆਜੀਤ ਸਿੰਘ ਮਜੀਠੀਆ** (ਨਾਭਾ ਰਿਆਸਤ ਦੇ ਪ੍ਰਧਾਨ ਮੰਤਰੀ, ਜਨਰਲ ਸ਼ਿਵਦੇਵ ਸਿੰਘ ਦੇ ਦੋਹਤਰੇ) ਕਾਲਜ ਟਰੱਸਟ ਦੇ ਪ੍ਰਧਾਨ ਬਣੇ। ਕਾਲਜ ਵਾਸਤੇ ਇਹ ਵੀ ਬੜੇ ਮਾਣ ਵਾਲੀ ਗੱਲ ਹੈ ਕਿ ਸਿੱਖ ਧਰਮ ਦੀਆਂ ਬਹੁਤ ਹੀ ਉੱਚ ਕੋਟੀ ਦੀਆਂ ਸ਼ਖ਼ਸੀਅਤਾਂ, **ਪੰਥ ਰਤਨ ਸਵਰਗਵਾਸੀ ਜਥੇਦਾਰ ਗੁਰਚਰਨ ਸਿੰਘ ਟੌਹੜਾ**, **ਬੀਬੀ ਜਗੀਰ ਕੌਰ**, **ਪ੍ਰੋ. ਕਿਰਪਾਲ ਸਿੰਘ ਬਡੂੰਗਰ, ਜਥੇਦਾਰ ਜਗਦੇਵ ਸਿੰਘ ਤਲਵੰਡੀ** ਅਤੇ **ਜਥੇਦਾਰ ਅਵਤਾਰ ਸਿੰਘ** ਆਦਿ ਇਸ ਦੀ ਪ੍ਰਬੰਧਕ ਕਮੇਟੀ ਦੀਆਂ ਪ੍ਰਧਾਨ ਰਹਿ ਚੁੱਕੀਆਂ ਹਨ।

ਸਿੱਖ ਧਰਮ, ਕੌਮ, ਵਿਰਸੇ ਅਤੇ ਵਿੱਦਿਆ ਨੂੰ ਸਮਰਪਿਤ **ਪ੍ਰੋ. ਕਿਰਪਾਲ ਸਿੰਘ ਬਡੂੰਗਰ**, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਇਸ ਵੇਲੇ **ਕਾਲਜ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ** ਹੋਣ ਦੀ ਸੇਵਾ ਨਿਭਾ ਰਹੇ ਹਨ ਅਤੇ ਇਨ੍ਹਾਂ ਦੀ ਸਰਪ੍ਰਸਤੀ ਅਧੀਨ ਕਾਲਜ ਸਿੱਖਿਆ ਦੇ ਖੇਤਰ ਵਿਚ ਨਵੇਂ ਮੀਲ ਪੱਥਰ ਸਥਾਪਤ ਕਰ ਰਿਹਾ ਹੈ। ਇਨ੍ਹਾਂ ਤੋਂ ਇਲਾਵਾ ਕਾਲਜ ਗਵਰਨਿੰਗ ਕਾਉਂਸਿਲ ਦੇ ਆਨਰੇਰੀ ਸਕੱਤਰ **ਸ. ਇੰਦਰਮੋਹਨ ਸਿੰਘ ਬਜਾਜ ਜੀ** ਦੀ ਸੁਯੋਗ ਅਗਵਾਈ ਸਦਕਾ ਕਾਲਜ ਨਿੱਤ-ਦਿਨ ਤਰੱਕੀ ਕਰ ਰਿਹਾ ਹੈ ਅਤੇ ਅਕਾਦਮਿਕ ਤੇ ਹੋਰ ਖ਼ੇਤਰਾਂ ਵਿਚ ਉਚੇਰੀਆਂ ਮੰਜ਼ਿਲਾਂ ਨੂੰ ਛੂਹ ਰਿਹਾ ਹੈ।

## ਸਾਲਾਨਾ ਰਿਪੋਰਟ

### ਸੈਸ਼ਨ 2016-17

ਪਿਛਲੇ ਸੈਸ਼ਨਾਂ ਦੀ ਤਰ੍ਹਾਂ ਇਹ ਸੈਸ਼ਨ ਵੀ ਕਾਲਜ ਵਾਸਤੇ ਬਹੁਤ ਸੁਭਾਗਾ ਰਿਹਾ। ਇਸ ਸੈਸ਼ਨ ਦੌਰਾਨ ਕਾਲਜ ਨੂੰ ਅਪ੍ਰੈਲ 2016 ਦੌਰਾਨ **ਯੂ.ਜੀ.ਸੀ. ਭਾਰਤ ਸਰਕਾਰ, ਨਵੀਂ ਦਿੱਲੀ ਵੱਲੋਂ 'ਕਾਲਜ ਵਿਦ ਪੋਟੈਂਸ਼ੀਅਲ ਫ਼ਾਰ ਐਕਸੀਲੈਂਸ'** ਦਾ ਸਟੇਟਸ ਪ੍ਰਾਪਤ ਹੋਇਆ। ਇਸੇ ਸੈਸ਼ਨ ਦੌਰਾਨ ਹੀ ਕਾਲਜ ਨੂੰ ਜੁਲਾਈ 2016 ਦੌਰਾਨ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਨਵੀਂ ਦਿੱਲੀ ਵੱਲੋਂ **ਆਟੋਨੌਮਸ ਕਾਲਜ ਦਾ ਦਰਜਾ ਪ੍ਰਦਾਨ** ਕੀਤਾ ਗਿਆ ਅਤੇ ਕਾਲਜ ਨੇ ਇਸੇ ਸੈਸ਼ਨ ਤੋਂ ਹੀ ਬਤੌਰ ਆਟੋਨੌਮਸ ਕਾਲਜ ਕਾਰਜ ਸ਼ੁਰੂ ਕੀਤਾ।

ਕਾਲਜ ਵਾਸਤੇ ਇਹ ਵਰ੍ਹਾ ਇਸ ਕਰਕੇ ਵੀ ਸੁਭਾਗਾ ਰਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ **ਪ੍ਰੋ. ਕਿਰਪਾਲ ਸਿੰਘ ਬਡੂੰਗਰ ਜੀ** ਨੇ 19 ਮਾਰਚ, 2017 ਨੂੰ ਸਥਾਨਕ ਕਾਲਜ ਵਿਖੇ ਨਵੇਂ ਉਸਾਰੇ ਜਾ ਰਹੇ **ਭਾਈ ਹਿੰਮਤ ਸਿੰਘ ਬਲਾਕ ਆਫ਼ ਐਗ੍ਰੀਕਲਚਰ ਐਂਡ ਐਮਰਜਿੰਗ ਟੈਕਨਾਲੋਜੀ** ਅਤੇ **ਅਕਾਲੀ ਕੌਰ ਸਿੰਘ ਯਾਦਗਾਰੀ ਆਡੀਟੋਰੀਅਮ** ਦਾ **ਨੀਂਹ-ਪੱਥਰ** ਆਪਣੇ ਕਰ-ਕਮਲਾਂ ਨਾਲ ਰੱਖਿਆ।

ਇਸੇ ਸੈਸ਼ਨ ਦੌਰਾਨ ਹੀ ਕਾਲਜ ਵਿਖੇ ਚੱਲ ਰਹੇ ਖ਼ਾਲਸਾ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਨੂੰ ਧਾਮੋਮਾਜਰਾ ਵਿਖੇ ਸ਼ਿਫ਼ਟ ਕੀਤਾ ਗਿਆ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ **ਪ੍ਰੋ. ਕਿਰਪਾਲ ਸਿੰਘ ਬਡੂੰਗਰ** ਨੇ ਮਿਤੀ 3 ਅਪ੍ਰੈਲ, 2017 ਨੂੰ ਇਸਦੇ ਨਵੇਂ ਕੈਂਪਸ ਦਾ **ਉਦਘਾਟਨ** ਕੀਤਾ।

ਕਾਲਜ ਵਾਸਤੇ ਇਹ ਸੈਸ਼ਨ ਇਸ ਵਾਸਤੇ ਵੀ ਸੁਭਾਗਾ ਰਿਹਾ ਕਿ ਇਸ ਸੈਸ਼ਨ ਦੌਰਾਨ ਖੋਜ ਨੂੰ ਪ੍ਰਫੁੱਲਿਤ ਕਰਨ ਲਈ ਯੂ.ਜੀ.ਸੀ. ਤੋਂ ਮਾਨਤਾ ਪ੍ਰਾਪਤ **ਐੱਮ.ਫ਼ਿਲ. ਪੰਜਾਬੀ** ਅਤੇ **ਐੱਮ.ਫ਼ਿਲ ਅੰਗ੍ਰੇਜ਼ੀ** ਦੇ ਕੋਰਸ ਸ਼ੁਰੂ ਕੀਤੇ ਗਏ। ਇਸ ਤੋਂ ਇਲਾਵਾ **ਐੱਮ.ਏ. ਰਾਜਨੀਤੀ ਸ਼ਾਸਤਰ, ਐੱਮ.ਏ. ਇਤਿਹਾਸ, ਐੱਮ.ਏ. ਮਨੋਵਿਗਿਆਨ** ਅਤੇ **ਐੱਮ.ਐੱਸਸੀ. ਸਟੈਟੇਸਟਿਕਸ** ਸ਼ੁਰੂ ਕੀਤੇ ਗਏ ਅਤੇ ਡੀ.ਡੀ.ਯੂ. ਕੌਸ਼ਲ ਕੇਂਦਰ ਅਧੀਨ **ਬੀ.ਵਾਕ. ਆਟੋਮੋਬਾਇਲ** ਅਤੇ **ਬੀ.ਵਾਕ. ਐਗ੍ਰੀਕਲਚਰ** ਵੀ ਇਸੇ ਸੈਸ਼ਨ ਦੌਰਾਨ ਸ਼ੁਰੂ ਕੀਤੇ ਗਏ।

ਕਾਲਜ ਵਾਸਤੇ ਇਹ ਵਰ੍ਹਾ ਇਸ ਕਰਕੇ ਵੀ ਸੁਭਾਗਾ ਰਿਹਾ ਕਿ ਇਸ ਸੈਸ਼ਨ ਤੋਂ ਕਾਲਜ ਦੇ ਨਵੇਂ ਬਣੇ **ਭਾਈ ਦਇਆ ਸਿੰਘ ਬਲਾਕ ਆਫ਼ ਕਾਮਰਸ ਐਂਡ ਮੈਨੇਜਮੈਂਟ** ਵਿਚ ਪੜ੍ਹਾਈ ਦਾ ਕੰਮ ਸ਼ੁਰੂ ਕੀਤਾ ਗਿਆ।

**1. ਦਾਖ਼ਲੇ**

ਇਸ ਸੈਸ਼ਨ ਦੌਰਾਨ ਕਾਲਜ ਵਿਚ ਵਿਦਿਆਰਥੀਆਂ ਦੀ ਗਿਣਤੀ ਵਿਚ ਭਾਰੀ ਵਾਧਾ ਹੋਇਆ। ਕਾਲਜ ਵਿਚ **6655 ਵਿਦਿਆਰਥੀਆਂ ਨੇ ਦਾਖ਼ਲਾ ਲਿਆ**, ਜਿਨ੍ਹਾਂ ਵਿਚੋਂ 3766 ਲੜਕੇ ਅਤੇ 2889 ਲੜਕੀਆਂ ਹਨ।

**2. ਅਧਿਆਪਕਾਂ ਦੀਆਂ ਵਿਦਿਅਕ ਪ੍ਰਾਪਤੀਆਂ**

ਇਸ ਸੈਸ਼ਨ ਦੌਰਾਨ **ਪ੍ਰੋ. ਗੁਰਮੀਤ ਸਿੰਘ** ਨੇ ਮਹਾਰਿਸ਼ੀ ਮਾਰਕੰਡੇਸ਼ਵਰ ਯੂਨੀਵਰਸਿਟੀ, ਮੌਲਾਨਾ ਤੋਂ ਪੀਐੱਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ।

**ਪ੍ਰੋ. ਤਰਨਦੀਪ ਕੌਰ** ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਪੀਐੱਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ।

**ਪ੍ਰੋ. ਰਵਿੰਦਰ ਕੌਰ** ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੀਐੱਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ।

**3. ਨਵਾਂ ਨਿਯੁਕਤ ਸਟਾਫ਼**

**3.1 ਟੀਚਿੰਗ ਸਟਾਫ਼**

ਇਸ ਸੈਸ਼ਨ ਦੌਰਾਨ ਕਾਲਜ ਦੇ **ਰਾਜਨੀਤੀ ਸ਼ਾਸਤਰ ਵਿਭਾਗ** ਵਿਚ **ਡਾ. ਜਗਤਾਰ ਸਿੰਘ** ਅਤੇ **ਗਣਿਤ ਤੇ ਸਟੈਟੇਸਟਿਕਸ ਵਿਭਾਗ** ਵਿਚ **ਡਾ. ਮਨਵਿੰਦਰ ਕੌਰ** ਬਤੌਰ ਰੈਗੂਲਰ ਅਧਿਆਪਕ ਨਿਯੁਕਤ ਕੀਤੇ।

ਇਸ ਤੋਂ ਇਲਾਵਾ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਵਿਚ **ਡਾ. ਸਰਬਜੀਤ ਸਿੰਘ** ਅਤੇ ਪੋਸਟ ਗ੍ਰੈਜੂਏਟ ਇਤਿਹਾਸ ਵਿਭਾਗ ਵਿਚ **ਡਾ. ਬਲਜਿੰਦਰ ਕੌਰ** ਟ੍ਰਾਂਸਫ਼ਰ ਹੋ ਕੇ ਸਥਾਨਕ ਕਾਲਜ ਵਿਖੇ ਆਏ।

**3.2 ਸੇਵਾ-ਮੁਕਤ ਸਟਾਫ਼**

ਇਸ ਸੈਸ਼ਨ ਦੌਰਾਨ ਟੀਚਿੰਗ ਵਿਚ ਡੀਨ ਲੜਕੀਆਂ ਭਲਾਈ ਵਿੰਗ ਅਤੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ **ਡਾ. ਗੁਰਦੀਸ਼ ਕੌਰ**, ਪੋਸਟ ਗ੍ਰੈਜੂਏਟ ਇਤਿਹਾਸ ਵਿਭਾਗ ਦੇ ਮੁਖੀ **ਪ੍ਰੋ. ਸਤਨਾਮ ਕੌਰ** ਸੇਵਾ-ਮੁਕਤ ਹੋਏ ਅਤੇ ਨਾਨ-ਟੀਚਿੰਗ ਵਿਚ ਸੀਨੀਅਰ ਲੈਬਰਾਰ ਸਹਾਇਕ, ਫ਼ਿਜ਼ਿਕਸ ਵਿਭਾਗ ਦੇ **ਸ਼੍ਰੀ ਬ੍ਰਿਜ ਭੂਸ਼ਣ ਅੱਤਰੀ ਜੀ ਸੇਵਾ-ਮੁਕਤ** ਹੋਏ।

**4. ਕਾਲਜ ਦੇ ਅਧਿਆਪਕਾਂ ਵੱਲੋਂ ਅੰਤਰਰਾਸ਼ਟਰੀ ਕਾਨਫ਼ਰੰਸਾਂ ਵਿਚ ਪ੍ਰਸਤੁਤ ਖੋਜ-ਪੇਪਰ/ਸ਼ਮੂਲੀਅਤ**

**4.1 ਅੰਤਰਰਾਸ਼ਟਰੀ ਕਾਨਫ਼ਰੰਸਾਂ ਵਿਚ ਅਧਿਆਪਕਾਂ ਵੱਲੋਂ ਪ੍ਰਸਤੁਤ ਖੋਜ-ਪੇਪਰ**

**ਡਾ. ਪੁਸ਼ਪਿੰਦਰ ਕੌਰ** ਨੇ ਮਿਤੀ 7-9 ਦਸੰਬਰ, 2016 ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਆਯੋਜਿਤ ਛੇਵੀਂ ਵਿਸ਼ਵ ਪੰਜਾਬੀ ਸਾਹਿਤ ਕਾਨਫ਼ਰੰਸ ਪੰਜਾਬੀ ਵਾਰਤਕ: ਪ੍ਰਾਪਤੀਆਂ ਤੇ ਸੰਭਾਵਨਾਵਾਂ ਵਿਚ **ਪੰਜਾਬੀ ਵਿਚ ਅਨੁਵਾਦਿਤ ਸਵੈ-ਜੀਵਨੀ ਸਾਹਿਤ ਦਾ ਇਤਿਹਾਸ ਮੂਲਕ ਅਧਿਐਨ** ਵਿਸ਼ੇ 'ਤੇ ਖੋਜ ਪੇਪਰ ਪ੍ਰਸਤੁਤ ਕੀਤਾ।

**ਪ੍ਰੋ. ਇੰਦਰਬੀਰ ਕੌਰ** ਨੇ ਮਿਤੀ 30 ਜੂਨ-1 ਜੁਲਾਈ, 2016 ਨੂੰ ਬਾਲ ਕ੍ਰਿਸ਼ਨ ਇੰਸਟੀਚਿਊਟ ਆਫ਼ ਟੈਕਨਾਲੋਜੀ, ਕੋਟਾ, ਰਾਜਸਥਾਨ ਵਿਖੇ ਆਯੋਜਿਤ 6ਵੀਂ ਅੰਤਰਰਾਸ਼ਟਰੀ ਕਾਨਫ਼ਰੰਸ (ICATETR - 2016) ਵਿਚ **The Adoption and Reployment of Cloud in Eduction Through E-Governance: A Blended Learning Approach** ਵਿਸ਼ੇ 'ਤੇ ਖੋਜ ਪੇਪਰ ਪ੍ਰਸਤੁਤ ਕੀਤਾ। ਜਿਹੜਾ ਕਿ ਕਾਨਫ਼ਰੰਸ ਪ੍ਰਸੀਡਿੰਗਜ਼ ਵਿਚ ਪ੍ਰਕਾਸ਼ਿਤ ਵੀ ਹੋਇਆ।

**ਡਾ. ਰੂਪੀ ਧੀਰ** ਨੇ ਮਿਤੀ 24-25 ਮਾਰਚ, 2016 ਨੂੰ ਭਾਈ ਗੁਰਦਾਸ ਇੰਸਟੀਚਿਊਟ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ, ਸੰਗਰੂਰ ਵਿਖੇ ਆਯੋਜਿਤ Fifth International Conference on Advancement in Engineering and Technology (ICAET-2017) ਵਿਚ **Sythesis and Charcterization of Diselenide Derivatives of 4 Subsitituted - N, N- Diisopropylpyridine - 2-Carboxamide** ਵਿਸ਼ੇ 'ਤੇ ਖੋਜ ਪੇਪਰ ਪਸਤੁਤ ਕੀਤਾ।

ਮਿਤੀ 18 ਮਾਰਚ, 2016 ਨੂੰ ਭਾਈ ਗੁਰਦਾਸ ਗਰੁੱਪ ਆਫ਼ ਇੰਜੀਨੀਅਰਿੰਗ ਅਤੇ ਟੈਕਨਾਲੋਜੀ, ਸੰਗਰੂਰ ਵਿਖੇ ਆਯੋਜਿਤ 4the International Conference, 2016 ਵਿਚ **ਡਾ. ਗੋਰਖ ਸਿੰਘ** ਨੇ **Crop Diversification and Technology in Diversification**

ਵਿਸ਼ੇ 'ਤੇ ਖੋਜ ਪੇਪਰ ਅਤੇ **ਪ੍ਰੋ. ਜਤਿੰਦਰ ਸਿੰਘ** ਨੇ **Role of Information Technology and Governess Efforts** ਵਿਸ਼ੇ 'ਤੇ ਖੋਜ ਪੇਪਰ ਪ੍ਰਸਤੁਤ ਕੀਤਾ।

**ਪ੍ਰੋ. ਪ੍ਰਭਜੋਤ ਸਿੰਘ** ਨੇ ਮਿਤੀ 7 ਦਸਬੰਰ, 2016 ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਆਯੋਜਿਤ ਅੰਤਰਰਾਸ਼ਟਰੀ ਕਾਨਫ਼ਰੰਸ ਆਧੁਨਿਕ ਪੰਜਾਬੀ ਵਾਰਤਕ: ਪ੍ਰਾਪਤੀਆਂ ਅਤੇ ਸੰਭਾਵਨਾਵਾਂ ਵਿਚ **ਬਲਰਾਜ ਸਾਹਨੀ ਦੁਆਰਾ ਰਚਿਤ ਮੇਰਾ ਰੂਸੀ ਸਫ਼ਰਨਾਮਾ ਦਾ ਸਿਆਸੀ ਵਿਚਾਰ ਪਰਿਪੇਖ਼** ਵਿਸ਼ੇ 'ਤੇ ਪੇਪਰ ਪ੍ਰਸਤੁਤ ਕੀਤਾ।

### 4.2 ਅੰਤਰਰਾਸ਼ਟਰੀ ਕਾਨਫ਼ਰੰਸਾਂ ਵਿਚ ਅਧਿਆਪਕਾਂ ਵੱਲੋਂ ਸ਼ਮੂਲੀਅਤ

**ਪ੍ਰੋ. ਜਸਮੀਤ ਕੌਰ** ਨੇ ਮਿਤੀ 17-18 ਜਨਵਰੀ, 2017 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਆਯੋਜਿਤ 33ਵੀਂ ਅੰਤਰਰਾਸ਼ਟਰੀ ਪੰਜਾਬੀ ਵਿਕਾਸ ਕਾਨਫ਼ਰੰਸ ਵਿਚ ਪੰਜਾਬੀ ਭਾਸ਼ਾ ਸਾਹਿਤ ਤੇ ਸਭਿਆਚਾਰ: ਅਜੋਕੇ ਗਿਆਨ-ਵਿਗਿਆਨ ਅਤੇ ਤਕਨਾਲੋਜੀ ਦੇ ਸੰਦਰਭ ਵਿਚ, ਵਿਚ ਸ਼ਮੂਲੀਅਤ ਕੀਤੀ।

**ਡਾ. ਗੋਰਖ ਸਿੰਘ** ਅਤੇ **ਪ੍ਰੋ. ਜਤਿੰਦਰ ਸਿੰਘ** ਨੇ ਮਿਤੀ 2 ਮਾਰਚ, 2016 ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਭਾਸ਼ਾ ਵਿਕਾਸ ਵੱਲੋਂ ਆਯੋਜਿਤ ਤਿੰਨ ਰੋਜ਼ਾ ਅੰਤਰਰਾਸ਼ਟਰੀ ਪੰਜਾਬੀ ਵਿਕਾਸ ਕਾਨਫ਼ਰੰਸ ਵਿਚ ਸ਼ਮੂਲੀਅਤ ਕੀਤੀ।

## 5. ਕਾਲਜ ਵੱਲੋਂ ਆਯੋਜਿਤ ਅੰਤਰਰਾਸ਼ਟਰੀ ਵਰਕਸ਼ਾਪ

ਮਿਤੀ 9 ਦਸੰਬਰ, 2016 ਨੂੰ ਕਾਲਜ ਦੇ **ਕਾਮਰਸ ਅਤੇ ਮੈਨੇਜਮੈਂਟ ਵਿਭਾਗ** ਵੱਲੋਂ **ਕਾਮਰਸ ਅਤੇ ਅਕਾਊਂਟਿੰਗ ਸਿੱਖਿਆ ਸ਼ਾਸਤਰੀਆਂ ਲਈ ਸਦਾਚਾਰ ਦੀ ਸਿੱਖਿਆ** ਵਿਸ਼ੇ 'ਤੇ ਇਕ ਰੋਜ਼ਾ **ਅੰਤਰਰਾਸ਼ਟਰੀ ਵਰਕਸ਼ਾਪ** ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਦੌਰਾਨ **RIMT ਯੂਨੀਵਰਸਿਟੀ, ਆਸਟ੍ਰੇਲੀਆ ਦੇ ਸਕੂਲ ਆਫ਼ ਅਕਾਊਂਟਿੰਗ ਦੇ ਸੀਨੀਅਰ ਲੈਕਚਰਾਰ ਡਾ. ਮਹੇਸ਼ ਜੋਸ਼ੀ** ਅਤੇ **CQ ਯੂਨੀਵਰਸਿਟੀ, ਆਸਟ੍ਰੇਲੀਆ ਦੇ ਲੈਕਚਰਾਰ ਡਾ. ਮੋਨਿਕਾ ਕਾਂਸਲ** ਨੇ ਬਤੌਰ **ਵਿਸ਼ਾ-ਮਾਹਿਰ** ਸ਼ਿਰਕਤ ਕੀਤੀ।

## 6. ਕਾਲਜ ਵੱਲੋਂ ਆਯੋਜਿਤ ਰਾਸ਼ਟਰੀ ਕਾਨਫ਼ਰੰਸਾਂ/ਕਾਲਜ ਦੇ ਅਧਿਆਪਕਾਂ ਵੱਲੋਂ ਰਾਸ਼ਟਰੀ ਕਾਨਫ਼ਰੰਸਾਂ ਵਿਚ ਪ੍ਰਸਤੁਤ ਖੋਜ ਪੇਪਰ/ਸ਼ਮੂਲੀਅਤ

### 6.1 ਕਾਲਜ ਵੱਲੋਂ ਆਯੋਜਿਤ ਰਾਸ਼ਟਰੀ ਕਾਨਫ਼ਰੰਸਾਂ

#### 6.1.1. ਐਮਰਜਿੰਗ ਟਰੈਂਡਜ਼ ਇਨ ਬਾਇਓਟੈਕਨਾਲੋਜੀ: ਏ ਪੈਰਾਡਾਇਮ ਸ਼ਿਫ਼ਟ ਟੂ ਕਲੀਨਰ ਐਂਡ ਗ੍ਰੀਨਰ ਇੰਡੀਆ

ਮਿਤੀ 8 ਅਕਤੂਬਰ, 2016 ਨੂੰ ਕਾਲਜ ਦੇ **ਬਾਇਓਟੈਕਨਾਲੋਜੀ ਵਿਭਾਗ** ਵੱਲੋਂ ਯੂ.ਜੀ.ਸੀ. ਸਪਾਂਸਰਡ ਨੈਸ਼ਨਲ ਕਾਨਫ਼ਰੰਸ **ਐਮਰਜਿੰਗ ਟਰੈਂਡਜ਼ ਇਨ ਬਾਇਓਟੈਕਨਾਲੋਜੀ: ਏ ਪੈਰਾਡਾਇਮ ਸ਼ਿਫ਼ਟ ਟੂ ਕਲੀਨਰ ਐਂਡ ਗ੍ਰੀਨਰ ਇੰਡੀਆ** ਕਰਵਾਈ ਗਈ। ਇਸ ਕਾਨਫ਼ਰੰਸ ਦੇ ਉਦਘਾਟਨੀ ਸੈਸ਼ਨ ਦੌਰਾਨ ਪੰਜਾਬ ਦੇ ਟੈਕਨੀਕਲ ਐਵਾਈਜ਼ਰ ਆਫ਼ ਚੀਫ਼ ਮਨਿਸਟਰ, **ਮੇਜਰ ਜਨਰਲ ਵੀ.ਕੇ. ਕੁਮਾਰ ਭੱਟ** ਨੇ **ਮੁੱਖ ਮਹਿਮਾਨ** ਦੇ ਤੌਰ 'ਤੇ ਸ਼ਿਰਕਤ ਕੀਤੀ। **ਕੀ-ਨੋਟ ਐਡਰੈੱਸ** ਭਾਰਤ ਸਰਕਾਰ ਦੇ ਫ਼ਾਰਮਰ ਐਡਵਾਈਜ਼ਰ, ਡਿਪਾਰਟਮੈਂਟ ਆਫ਼ ਬਾਇਓਟੈਕਨਾਲੋਜੀ **ਸ਼੍ਰੀ ਬੀ.ਐੱਮ. ਗਾਂਧੀ** ਨੇ ਪੜ੍ਹਿਆ।ਕਾਨਫ਼ਰੰਸ ਦੇ **ਸਮਾਪਨ ਸਮਾਰੋਹ** ਦੌਰਾਨ ਪੰਜਾਬ ਬਾਇਓਟੈੱਕ ਇੰਕੂਬੇਟਰ ਦੇ ਸਾਬਕਾ ਕਾਰਜਕਾਰੀ ਅਫ਼ਸਰ **ਡਾ. ਐੱਸ.ਐੱਸ. ਮਰਵਾਹਾ** ਨੇ ਬਤੌਰ **ਮੁੱਖ ਮਹਿਮਾਨ** ਸ਼ਿਰਕਤ ਕੀਤੀ। ਇਸ ਕਾਨਫ਼ਰੰਸ ਦੇ ਛੇ ਟੈਕਨੀਕਲ ਸੈਸ਼ਨਾਂ ਦੌਰਾਨ ਪੰਜਾਬ, ਉੱਤਰਾਖੰਡ, ਹਿਮਾਚਲ ਪ੍ਰਦੇਸ਼, ਗੋਆ, ਆਂਧਰਾ ਪ੍ਰਕੇਸ਼, ਨਵੀਂ ਦਿੱਲੀ, ਉੱਤਰ ਪ੍ਰਦੇਸ਼ ਅਤੇ ਹੋਰ ਰਾਜਾਂ ਤੋਂ 125 ਦੇ ਕਰੀਬ ਵਿਦਵਾਨਾਂ ਨੇ ਆਪਣੇ-ਆਪਣੇ ਖੋਜ-ਪੇਪਰ ਪ੍ਰਸਤੁਤ ਕੀਤੇ। ਇਸ ਕਾਨਫ਼ਰੰਸ ਦੇ **ਕੋ-ਆਰਡੀਨੇਟਰ**, ਸਥਾਨਕ ਵਿਭਾਗ ਦੇ ਮੁਖੀ **ਡਾ. ਨਿਪੁੰਨਜੋਤ ਕੌਰ** ਸਨ।

#### 6.1.2. ਇੰਟਰਫ਼ੇਥ ਨੈਸ਼ਨਲ ਕਾਨਫ਼ਰੰਸ ਆਨ ਲੀਡਰਸ਼ਿਪ

ਮਿਤੀ 9 ਸਤੰਬਰ, 2016 ਨੂੰ ਕਾਲਜ ਦੇ **ਕਾਮਰਸ ਅਤੇ ਮੈਨੇਜਮੈਂਟ ਵਿਭਾਗ** ਵੱਲੋਂ ਯੂ.ਜੀ.ਸੀ. ਸਪਾਂਸਰਡ **ਇੰਟਰਫ਼ੇਥ ਨੈਸ਼ਨਲ ਕਾਨਫ਼ਰੰਸ ਆਨ ਲੀਡਰਸ਼ਿਪ** ਕਰਵਾਈ ਗਈ। ਕਾਨਫ਼ਰੰਸ ਦੇ ਉਦਘਾਟਨੀ ਸੈਸ਼ਨ ਦੌਰਾਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ **ਡਾ. ਜਸਪਾਲ ਸਿੰਘ** ਨੇ **ਮੁੱਖ ਮਹਿਮਾਨ** ਦੇ ਤੌਰ'ਤੇ ਸ਼ਿਰਕਤ ਕੀਤੀ। **ਕੀ-ਨੋਟ ਐਡਰੈੱਸ** ਮੌਲਾਨਾ ਆਜ਼ਾਦ ਯੂਨੀਵਰਸਿਟੀ, ਜੋਧਪੁਰ, ਰਾਜਸਥਾਨ ਦੇ ਵਾਈਸ ਚਾਂਸਲਰ **ਪਦਮਸ਼੍ਰੀ ਅਖ਼ਤਰ-ਉਲ-ਵਾਸੇ** ਨੇ ਪੜ੍ਹਿਆ। ਕਾਨਫ਼ਰੰਸ ਦੇ **ਸਮਾਪਨ ਸਮਾਰੋਹ** ਦੌਰਾਨ ਰਾਜ ਸਭਾ ਦੇ ਮੈਂਬਰ ਪਾਰਲੀਮੈਂਟ **ਸ. ਬਲਵਿੰਦਰ ਸਿੰਘ ਭੂੰਦੜ** ਨੇ ਬਤੌਰ **ਮੁੱਖ ਮਹਿਮਾਨ** ਸ਼ਿਰਕਤ ਕੀਤੀ। ਕਾਨਫ਼ਰੰਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਮੁੱਖ ਸਕੱਤਰ **ਸ. ਹਰਭਜਨ ਸਿੰਘ** ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪ੍ਰੋਫ਼ੈਸਰ **ਡਾ. ਜਮਸ਼ੀਦ ਅਲੀ ਖ਼ਾਨ** ਨੇ **ਬਤੌਰ ਵਿਸ਼ੇਸ਼ ਮਹਿਮਾਨ** ਸ਼ਿਰਕਤ ਕੀਤੀ। ਇਸ ਕਾਨਫ਼ਰੰਸ ਦੇ ਪੰਜ ਟੈਕਨੀਕਲ ਸੈਸ਼ਨਾਂ ਦੌਰਾਨ ਹਰਿਆਣਾ, ਰਾਜਸਥਾਨ, ਬਿਹਾਰ, ਪੰਜਾਬ ਅਤੇ

ਹੋਰ ਰਾਜਾਂ ਤੋਂ ਆਏ 30 ਦੇ ਕਰੀਬ ਵਿਦਵਾਨਾਂ ਨੇ ਆਪਣੇ-ਆਪਣੇ ਖੋਜ ਪੇਪਰ ਪ੍ਰਸਤੁਤ ਕੀਤੇ। ਇਸ ਕਾਨਫ਼ਰੰਸ ਦੇ **ਕੋ-ਆਰਡੀਨੇਟਰ** ਸਥਾਨਕ ਵਿਭਾਗ ਦੇ ਮੁਖੀ **ਡਾ. ਜਸਲੀਨ ਕੌਰ** ਸਨ।

### 6.1.3. ਅਜੋਕੇ ਪ੍ਰਸੰਗ ਵਿਚ ਸ਼ਾਸਤਰੀ, ਉਪ-ਸ਼ਾਸਤਰੀ ਅਤੇ ਸੁਗਮ ਸੰਗੀਤ ਦੀ ਪੁਨਰ-ਪਰਿਭਾਸ਼ਾ ਰਾਸ਼ਟਰੀ ਕਾਨਫ਼ਰੰਸ

ਮਿਤੀ 5 ਨਵੰਬਰ, 2016 ਨੂੰ ਕਾਲਜ ਦੇ ਸੰਗੀਤ ਗਾਇਨ ਵਿਭਾਗ ਵੱਲੋਂ ਯੂ.ਜੀ.ਸੀ. ਸਪਾਂਸਰਡ **ਅਜੋਕੇ ਪ੍ਰਸੰਗ ਵਿਚ ਸ਼ਾਸਤਰੀ, ਉਪ-ਸ਼ਾਸਤਰੀ ਅਤੇ ਸੁਗਮ ਸੰਗੀਤ ਦੀ ਪੁਨਰ-ਪਰਿਭਾਸ਼ਾ** ਵਿਸ਼ੇ 'ਤੇ ਇਕ ਰੋਜ਼ਾ ਨੈਸ਼ਨਲ ਕਾਨਫ਼ਰੰਸ ਦਾ ਆਯੋਜਨ ਕੀਤਾ ਗਿਆ। ਕਾਨਫ਼ਰੰਸ ਦੇ ਉਦਘਾਟਨੀ ਸੈਸ਼ਨ ਦੌਰਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡੀਨ ਅਕਾਦਮਿਕ ਅਤੇ ਗੁਰਮਤਿ ਸੰਗੀਤ ਦੇ ਵਿਦਵਾਨ **ਡਾ. ਗੁਰਨਾਮ ਸਿੰਘ** ਨੇ ਬਤੌਰ **ਮੁੱਖ ਮਹਿਮਾਨ** ਸ਼ਿਰਕਤ ਕੀਤੀ। ਕਾਨਫ਼ਰੰਸ ਦੌਰਾਨ ਸੰਗੀਤ ਨਾਟਕ ਅਕਾਦਮੀ ਐਵਾਰਡ ਨਾਲ ਸਨਮਾਨਿਤ ਉਘੇ ਲੋਕ-ਗਾਇਕ **ਸ. ਪਰਮਜੀਤ ਸਿੰਘ ਸਿੱਧੂ** ਉਰਫ਼ 'ਪੰਮੀ ਬਾਈ' ਮੁੱਖ ਵਕਤਾ ਦੇ ਤੌਰ 'ਤੇ ਪਹੁੰਚੇ। ਇਸ ਕਾਨਫ਼ਰੰਸ ਦੇ **ਕੋ-ਆਰਡੀਨੇਟਰ** ਅਤੇ ਸਥਾਨਕ ਵਿਭਾਗ ਦੇ ਮੁਖੀ **ਡਾ. ਜਗਜੀਤ ਸਿੰਘ** ਨੇ ਕਾਨਫ਼ਰੰਸ ਦੇ ਵਿਸ਼ੇ 'ਤੇ ਚਾਨਣਾ ਪਾਇਆ। ਕਾਨਫ਼ਰੰਸ ਦੇ ਦੋ ਟੈਕਨੀਕਲ ਸੈਸ਼ਨਾਂ ਦੌਰਾਨ ਪੰਜਾਬ ਅਤੇ ਹੋਰ ਰਾਜਾਂ ਤੋਂ ਆਏ ਬਹੁ-ਗਿਣਤੀ ਵਿਦਵਾਨਾਂ ਨੇ ਆਪਣੇ-ਆਪਣੇ ਖੋਜ-ਪੇਪਰ ਪ੍ਰਸਤੁਤ ਕੀਤੇ।

### 6.2. ਰਾਸ਼ਟਰੀ ਕਾਨਫ਼ਰੰਸਾਂ ਵਿਚ ਅਧਿਆਪਕਾਂ ਵੱਲੋਂ ਪ੍ਰਸਤੁਤ ਖੋਜ ਪੇਪਰ

**ਡਾ. ਹਰਵਿੰਦਰ ਕੌਰ** ਨੇ ਮਿਤੀ 11 ਫਰਵਰੀ, 2017 ਨੂੰ ਏ.ਐੱਸ. ਕਾਲਜ ਫ਼ਾਰ ਗਰਲਜ਼, ਖੰਨਾ ਵਿਖੇ ਆਯੋਜਿਤ ਰਾਸ਼ਟਰੀ ਕਾਨਫ਼ਰੰਸ ਆਧੁਨਿਕ ਹਿੰਦੀ ਸਾਹਿਤਯ: ਚਿੰਤਨ ਕੇ ਵਿਵਿਧ ਆਯਾਮ ਵਿਚ **ਹਿੰਦੀ ਕਹਾਣੀ: ਨਾਰੀ ਵਿਮਰਸ਼ ਦੇ ਸੰਦਰਭ ਵਿਚ** ਵਿਸ਼ੇ 'ਤੇ ਖੋਜ ਪੇਪਰ ਪ੍ਰਸਤੁਤ ਕੀਤਾ ਅਤੇ ਮਿਤੀ 3 ਮਾਰਚ, 2017 ਨੂੰ ਸਨਾਤਕੋਤਰ ਰਾਜਕੀਯ ਮਹਾਂਵਿਦਿਆਲਾ, ਚੰਡੀਗੜ੍ਹ ਵਿਖੇ ਆਯੋਜਿਤ ਰਾਸ਼ਟਰੀ ਕਾਨਫ਼ਰੰਸ ਸੰਤ ਪਰੰਪਰਾ: ਸਾਤਵਿਕ ਪ੍ਰਯੋਗ, ਪ੍ਰਯੋਜਨ ਤਥਾ ਪ੍ਰਦੁਰਭਾਵ ਵਿਚ **ਸੰਤ ਸਾਹਿਤਯ ਕੀ ਆਜ ਕੇ ਯੁਗ ਮੇਂ ਪ੍ਰਸੰਗਿਕਤਾ** ਵਿਸ਼ੇ 'ਤੇ ਖੋਜ ਪੇਪਰ ਪ੍ਰਸਤੁਤ ਕੀਤਾ। ਇਸੇ ਕਾਨਫ਼ਰੰਸ ਵਿਚ **ਪ੍ਰੋ. ਸ਼ਬਨਮ** ਨੇ **ਸੰਤ ਕਾਵਯ ਕੇ ਪ੍ਰਮੁੱਖ ਕਵੀ ਕਬੀਰ ਕੇ ਕਾਵਯ ਮੇਂ ਮਾਨਵੀਅ ਮੂਲਯ** ਵਿਸ਼ੇ 'ਤੇ ਖੋਜ ਪੇਪਰ ਪ੍ਰਸਤੁਤ ਕੀਤਾ।

**ਡਾ. ਪੁਸ਼ਪਿੰਦਰ ਕੌਰ** ਨੇ ਮਿਤੀ 16 ਮਾਰਚ, 2016 ਨੂੰ ਮਾਤਾ ਸਾਹਿਬ ਕੌਰ ਖ਼ਾਲਸਾ ਕਾਲਜ, ਪਟਿਆਲਾ ਵੱਲੋਂ ਆਯੋਜਿਤ ਰਾਸ਼ਟਰੀ ਕਾਨਫ਼ਰੰਸ Life Skills Education: Equipping for Life ਵਿਚ **ਲੋਕ-ਕਲਾਵਾਂ ਅਤੇ ਜ਼ਿੰਦਗੀ ਦੀਆਂ ਕੁਸ਼ਲਤਾਵਾਂ ਦਾ ਬੱਚਿਆਂ ਦੀ ਬਹੁਪੱਖੀ ਸ਼ਖ਼ਸੀਅਤ ਉਸਾਰੀ ਵਿਚ ਮਹੱਤਵ** ਵਿਸ਼ੇ 'ਤੇ ਖੋਜ ਪੇਪਰ ਪ੍ਰਸਤੁਤ ਕੀਤਾ। ਇਸੇ ਹੀ ਕਾਨਫ਼ਰੰਸ ਵਿਚ **ਪ੍ਰੋ. ਜਸਪ੍ਰੀਤ ਕੌਰ** ਨੇ **She Stoops to Conquer; Oliver Goldsmith's Lession in Life Skills** ਵਿਸ਼ੇ 'ਤੇ ਰਿਸਰਚ ਪੇਪਰ ਪ੍ਰਸਤੁਤ ਕੀਤਾ।

**ਪ੍ਰੋ. ਸਤਨਾਮ ਕੌਰ** ਨੇ ਮਿਤੀ 4-6 ਮਾਰਚ, 2016 ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬ ਹਿਸਟੋਰੀਕਲ ਸਟੱਡੀਜ਼ ਵਿਭਾਗ ਵੱਲੋਂ ਆਯੋਜਿਤ ਪੰਜਾਬ ਹਿਸਟਰੀ ਕਾਨਫ਼ਰੰਸ ਵਿਚ **Rani Sahib Kaur of Patiala** ਵਿਸ਼ੇ 'ਤੇ ਖੋਜ ਪੇਪਰ ਪ੍ਰਸਤੁਤ ਕੀਤਾ।

ਮਿਤੀ 10 ਸਤੰਬਰ, 2016 ਨੂੰ ਸਥਾਨਕ ਕਾਲਜ ਵਿਖੇ ਆਯੋਜਿਤ ਯੂ.ਜੀ.ਸੀ. ਸਪਾਂਸਰਡ Interfaith National Conference on Leadership ਵਿਚ **ਪ੍ਰੋ. ਜਸਪ੍ਰੀਤ ਕੌਰ** ਨੇ **What is Right and what is Easy: Leadership Lessions from Harry Potter Series** ਵਿਸ਼ੇ 'ਤੇ ਖੋਜ ਪੇਪਰ ਅਤੇ **ਡਾ. ਰੂਬਲ ਬਰਾੜ** ਨੇ **Shiva - Model for Transformational Leadership: A study of the Shiva Triology by Amish Tripathi** ਵਿਸ਼ੇ 'ਤੇ ਖੋਜ ਪੇਪਰ ਪ੍ਰਸਤੁਤ ਕੀਤਾ।

ਮਿਤੀ 11 ਮਾਰਚ, 2016 ਨੂੰ Rayat and Bahra University, Kharar (Punjab) ਵਿਖੇ ਆਯੋਜਿਤ Recent Trends in Environment, Science and Technology - RTEST-2016 ਵਿਚ **ਪ੍ਰੋ. ਰਾਜਦੀਪ ਸਿੰਘ ਧਾਲੀਵਾਲ** ਨੇ **Cytological Study on two Species of Cymbopagon Spreng-a grass with medicinal improtances** ਵਿਸ਼ੇ 'ਤੇ ਅਤੇ **ਡਾ. ਅਕਸ਼ਿਤਾ ਧਾਲੀਵਾਲ** ਨੇ **Study on Economically Important Grasses of Tribe: Andropogo near (family Poaceae)** ਵਿਸ਼ੇ 'ਤੇ ਖੋਜ ਪੇਪਰ ਪ੍ਰਸਤੁਤ ਕੀਤਾ।

ਮਿਤੀ 12 ਨਵੰਬਰ, 2016 ਨੂੰ ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਵਿਖੇ ਆਯੋਜਿਤ ਰਾਸ਼ਟਰੀ ਕਾਨਫ਼ਰੰਸ NSETB, 2016 ਵਿਚ **ਪ੍ਰੋ. ਰਾਜਦੀਪ ਸਿੰਘ ਧਾਲੀਵਾਲ** ਨੇ **Population Based Melotic Studies in Rotteboellia exaltater I.F. from Shivalik Hills** ਵਿਸ਼ੇ 'ਤੇ ਅਤੇ **ਸੁਖਵੀਰ ਕੌਰ** ਨੇ **Erythrocyte Enzyme Esterase (ESD) Polymorphism in the Jat Sikhs of North Punjab** ਵਿਸ਼ੇ 'ਤੇ ਖੋਜ ਪੇਪਰ ਪ੍ਰਸਤੁਤ ਕੀਤਾ।

ਮਿਤੀ 3-5 ਨਵੰਬਰ, 2016 ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਬਾਟਨੀ ਵਿਭਾਗ ਦੁਆਰਾ ਆਯੋਜਿਤ ਰਾਸ਼ਟਰੀ ਕਾਨਫ਼ਰੰਸ Basic and Applied Researches in Plants and Microbes ਵਿਚ **ਡਾ. ਹਰਪ੍ਰੀਤ ਕੌਰ** ਨੇ **Effect of Nitrogen and Phosphorus on growth and yield of Ch-1 hybrids of Chilli** ਵਿਸ਼ੇ 'ਤੇ ਅਤੇ **ਡਾ. ਅਕਸ਼ਿਤਾ ਧਾਲੀਵਾਲ** ਨੇ **Cytology of a Medicinal important grass: Veteveria Zizanoides (I) Nash** ਵਿਸ਼ੇ 'ਤੇ ਖੋਜ ਪੇਪਰ ਪ੍ਰਸਤੁਤ ਕੀਤਾ।

**ਪ੍ਰੋ. ਰੋਜ਼ੀ ਬਾਂਸਲ** ਨੇ ਮਿਤੀ 29-30 ਸਤੰਬਰ, 2016 ਨੂੰ ICAR-CIPHET Ludhiana ਵਿਖੇ ਆਯੋਜਿਤ ਰਾਸ਼ਟਰੀ ਕਾਨਫ਼ਰੰਸ Innovative Food Processing Technologies for Food & Nutritional Security ਵਿਚ **value addition of fresh and processed tomato salsa with herbs & to study its storage stability** ਵਿਸ਼ੇ 'ਤੇ ਖੋਜ ਪੇਪਰ ਪ੍ਰਸਤੁਤ ਕੀਤਾ।

ਮਿਤੀ 30 ਮਾਰਚ, 2016 ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਲੋਕ-ਪ੍ਰਸ਼ਾਸਨ ਵਿਭਾਗ ਵੱਲੋਂ ਆਯੋਜਿਤ National Conference on Governance in the 21st Century ਵਿਚ **ਡਾ. ਗੋਰਖ ਸਿੰਘ** ਅਤੇ **ਪ੍ਰੋ. ਜਤਿੰਦਰ ਸਿੰਘ** ਨੇ ਸਾਂਝੇ ਤੌਰ 'ਤੇ **An Overview of Right to Services Legislations in Differenct States of India** ਵਿਸ਼ੇ 'ਤੇ ਲਿਖਿਆ ਖੋਜ ਪੇਪਰ ਪ੍ਰਸਤੁਤ ਕੀਤਾ।

**ਡਾ. ਗੋਰਖ ਸਿੰਘ** ਨੇ ਮਿਤੀ 10 ਅਪ੍ਰੈਲ, 2016 ਨੂੰ ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ਼ ਲਾਅ ਵਿਖੇ ਆਯੋਜਿਤ ਰਾਸ਼ਟਰੀ ਕਾਨਫ਼ਰੰਸ On Indian Society and Emerging Social Issues (ISESI) ਵਿਚ **Sustainable Agriculture, Cropping Patterns and Changes theirin: 1884-85 to 2014-15** ਵਿਸ਼ੇ 'ਤੇ ਲਿਖਿਆ ਖੋਜ ਪੇਪਰ ਅਤੇ ਮਿਤੀ 18 ਫਰਵਰੀ, 2017 ਨੂੰ ਐੱਸ.ਸੀ.ਡੀ. ਗੌਰਮਿੰਟ ਕਾਲਜ, ਲੁਧਿਆਣਾ ਵਿਖੇ ਆਯੋਜਿਤ 17th ATG Meet and National Conference ਵਿਚ **Agrarion System in Punjab: Present and Past** ਵਿਸ਼ੇ 'ਤੇ ਲਿਖਿਆ ਖੋਜ ਪੇਪਰ ਪ੍ਰਸਤੁਤ ਕੀਤਾ।

## 6.3 ਰਾਸ਼ਟਰੀ ਕਾਨਫ਼ਰੰਸਾਂ ਵਿਚ ਅਧਿਆਪਕਾਂ ਵੱਲੋਂ ਪੋਸਟਰ ਪ੍ਰਸਤੁਤੀ

ਮਿਤੀ 17-18 ਫਰਵਰੀ, 2017 ਨੂੰ ਕੁਰੂਕਸ਼ੇਤਰਾ ਯੂਨੀਵਰਸਿਟੀ, ਕੁਰੂਕਸ਼ੇਤਰਾ ਵਿਖੇ ਰਾਸ਼ਟਰੀ ਕਾਨਫ਼ਰੰਸ Biodiversity and Sustainable Unitlization of Plant Resources ਵਿਚ ਪ੍ਰੋ. ਰਾਜਦੀਪ ਸਿਘ ਧਾਲੀਵਾਲ ਅਤੇ ਡਾ. ਅਕਸ਼ਿਤਾ ਧਾਲੀਵਾਲ ਨੇ ਸਾਂਝੇ ਤੌਰ 'ਤੇ **Cytological Studies in Some Species of Tribe-Paniceal (Family-Poaceae)** ਵਿਸ਼ੇ 'ਤੇ ਪੋਸਟਰ ਪ੍ਰਸਤੁਤੀ ਕੀਤੀ ਅਤੇ **ਪ੍ਰੋ. ਮਨਦੀਪ ਕੌਰ** ਨੇ **Ethovo-eterivaves Practiser of Amala District, Haryana** ਵਿਸ਼ੇ 'ਤੇ ਪੋਸਟਰ ਪ੍ਰਸਤੁਤੀ ਕੀਤੀ।

**ਪ੍ਰੋ. ਰੋਜ਼ੀ ਬਾਂਸਲ** ਨੇ ਮਿਤੀ 22 ਮਈ, 2016 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸਵੱਛ ਭਾਰਤ ਮਿਸ਼ਨ ਅਤੇ ਪੰਜਾਬੀ ਯੂਨੀਵਰਸਿਟੀ ਇਨਵਾਇਰਮੈਂਟ ਸੁਸਾਇਟੀ ਵੱਲੋਂ ਇੰਟਰਨੈਸ਼ਨਲ ਡੇਅ ਫ਼ਾਰ ਬਾਇਓਲਾਜੀਕਲ ਡਾਇਵਰਸਿਟੀ 'ਤੇ ਆਯੋਜਿਤ ਰਾਸ਼ਟਰੀ ਕਾਨਫ਼ਰੰਸ ਵਿਚ **ਫ਼ੂਡ ਬਾਇਓਡਾਇਵਰਸਿਟੀ ਫ਼ਾਰ ਏ ਹੈਲਦੀ ਪਲੈਨੇਟ** ਵਿਸ਼ੇ 'ਤੇ ਪੋਸਟਰ ਪ੍ਰਸਤੁਤੀ ਕੀਤੀ ਅਤੇ ਮੁਕਾਬਲੇ ਵਿਚ ਦੂਸਰਾ ਸਥਾਨ ਹਾਸਿਲ ਕੀਤਾ। ਮਿਤੀ 8 ਅਕਤੂਬਰ, 2016 ਨੂੰ ਸਥਾਨਕ ਕਾਲਜ ਵਿਖੇ ਯੂ.ਜੀ.ਸੀ. ਸਪਾਂਸਰਡ National Conference on Emerging Trends in Biotechnology: A Paradigm Shift to Cleaner & Greener India ਵਿਚ **ਪ੍ਰੋ. ਰੋਜ਼ੀ ਬਾਂਸਲ** ਨੇ **Plastic (Not) Fantastic for our Health & Environment** ਵਿਸ਼ੇ 'ਤੇ, **ਡਾ. ਮਨਸਿਮਰਨ ਕੌਰ** ਨੇ **Comparison of Invivo Immunorestorer activity of Probiotic bacterial DNA** ਵਿਸ਼ੇ 'ਤੇ **ਪ੍ਰੋ. ਜਸਮੀਤ ਕੌਰ** ਨੇ **Use of Plant Species in Controlling Environmental Pollution** ਵਿਸ਼ੇ 'ਤੇ ਅਤੇ **ਡਾ. ਸੁਖਵੀਰ ਕੌਰ** ਨੇ **Evaluation of Plant Growth Promoting Traits of Rhizobacteria Pserdomonoas Fluorescence Isolated from Wheat Rhigosphere** ਵਿਸ਼ੇ 'ਤੇ ਪੋਸਟਰ ਪ੍ਰਸਤੁਤੀ ਕੀਤੀ।

**ਡਾ. ਮਨੀਸ਼ ਸ਼ਰਮਾ** ਨੇ ਮਿਤੀ 12 ਨਵੰਬਰ, 2016 ਨੂੰ ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਵਿਖੇ ਆਯੋਜਿਤ ਰਾਸ਼ਟਰੀ ਕਾਨਫ਼ਰੰਸ NSETB, 2016 ਵਿਚ **Molecular Identification of two Indian Flesh Fly Species using mitochondrial COI gene** ਵਿਸ਼ੇ 'ਤੇ ਪੋਸਟਰ ਪ੍ਰਸਤੁਤੀ ਕੀਤੀ।

## 7. ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਪ੍ਰਸਤੁਤ ਖੋਜ ਪੇਪਰ

**ਡਾ. ਗੋਰਖ ਸਿੰਘ** ਨੇ ਮਿਤੀ 14 ਨਵੰਬਰ, 2016 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਜੌਗਰਫ਼ੀ ਵਿਭਾਗ ਦੁਆਰਾ ਆਯੋਜਿਤ ਅੰਤਰਰਾਸ਼ਟਰੀ ਸੈਮੀਨਾਰ ਵਿਚ **Implementation of New Agriculture Techniques: Review 1966 to 2015** ਵਿਸ਼ੇ 'ਤੇ ਖੋਜ ਪੇਪਰ ਪ੍ਰਸਤੁਤ ਕੀਤਾ।

## 8. ਕਾਲਜ ਦੇ ਅਧਿਆਪਕਾਂ ਵੱਲੋਂ ਰਾਸ਼ਟਰੀ ਸੈਮੀਨਾਰਾਂ ਵਿਚ ਪ੍ਰਸਤੁਤ ਖੋਜ-ਪੇਪਰ/ਸ਼ਮੂਲੀਅਤ/ਪੋਸਟਰ ਪ੍ਰਸਤੁਤੀ

### 8.1 ਰਾਸ਼ਟਰੀ ਸੈਮੀਨਾਰਾਂ ਵਿਚ ਪ੍ਰਸਤੁਤ ਖੋਜ ਪੇਪਰ

**ਡਾ. ਕੁਲਦੀਪ ਕੁਮਾਰ** ਨੇ ਮਿਤੀ 16 ਮਾਰਚ, 2016 ਨੂੰ ਮਾਤਾ ਸਾਹਿਬ ਕੌਰ ਖ਼ਾਲਸਾ ਗਰਲਜ਼ ਕਾਲਜ ਆਫ਼ ਐਜੂਕੇਸ਼ਨ, ਧਾਮੋਮਾਜਰਾ ਪਟਿਆਲਾ ਵਿਖੇ ਆਯੋਜਿਤ ਰਾਸ਼ਟਰੀ ਸੈਮੀਨਾਰ ਵਿਚ **ਕੌਸ਼ਲ ਕੇ ਵਿਕਾਸ ਮੇਂ ਸੰਗੀਤ ਸ਼ਿਕਸ਼ਣ ਕੀ ਭੂਮਿਕਾ** ਵਿਸ਼ੇ 'ਤੇ ਖੋਜ ਪੇਪਰ ਪ੍ਰਸਤੁਤ ਕੀਤਾ ਅਤੇ ਮਿਤੀ 5 ਨਵੰਬਰ, 2016 ਨੂੰ ਸਥਾਨਕ ਕਾਲਜ ਦੇ ਪੋਸਟ ਗ੍ਰੈਜੂਏਟ ਸੰਗੀਤ ਗਾਇਨ ਵਿਭਾਗ ਦੁਆਰਾ ਆਯੋਜਿਤ ਯੂ.ਜੀ.ਸੀ.

ਸਪਾਂਸਰਡ ਰਾਸ਼ਟਰੀ ਸੈਮੀਨਾਰ ਰੀਡੀਫ਼ਾਇਨਿੰਗ ਕਲਾਸੀਕਲ, ਸੈਮੀ-ਕਲਾਸੀਕਲ ਐਂਡ ਲਾਈਟ ਮਿਊਜ਼ਿਕ ਇਨ ਦਾ ਪਰੇਜ਼ੈਂਟ ਕੋਨਟੈਕਸਟ ਵਿਚ **ਕਾਫ਼ੀ ਗਾਇਨ ਵਿਧਾ-ਅਰਥ, ਵਿਉਤਪਤੀ ਏਵਮ ਵਿਕਾਸ** ਵਿਸ਼ੇ 'ਤੇ ਖੋਜ ਪੇਪਰ ਪ੍ਰਸਤੁਤ ਕੀਤਾ।

**ਡਾ. ਹਰਵਿੰਦਰ ਕੌਰ** ਨੇ ਮਿਤੀ 30 ਮਾਰਚ, 2016 ਨੂੰ ਐੱਸ.ਡੀ. ਕਾਲਜ ਫ਼ਾਰ ਵਿਮੈਨ, ਮੋਗਾ ਵਿਖੇ ਆਯੋਜਿਤ ਇਕ ਰੋਜ਼ਾ ਰਾਸ਼ਟਰੀ ਸੈਮੀਨਾਰ ਹਿੰਦੀ ਸਾਹਿਤਯ ਔਰ ਮੂਲਯ ਚੇਤਨਾ ਵਿਚ **ਪ੍ਰਮੁੱਖ ਮਹਿਲਾ ਕਹਾਨੀਕਾਰੋਂ ਕੀ ਕਹਾਨੀਆਂ – ਮੂਲਯ ਚੇਤਨਾ ਕੇ ਸੰਦਰਭ ਮੇਂ** ਵਿਸ਼ੇ 'ਤੇ ਖੋਜ ਪੇਪਰ ਪ੍ਰਸਤੁਤ ਕੀਤਾ।

ਖ਼ਾਲਸਾ ਕਾਲਜ ਪੰਜੋਖਰਾ ਸਾਹਿਬ (ਅੰਬਾਲਾ) ਵਿਖੇ ਆਯੋਜਿਤ ਰਾਸ਼ਟਰੀ ਸੈਮੀਨਾਰ ਗੁਰਬਾਣੀ ਵਿਚ ਮਨੁੱਖੀ ਏਕਤਾ ਅਤੇ ਅਖੰਡਤਾ ਦਾ ਸੰਕਲਪ ਵਿਚ **ਡਾ. ਪੁਸ਼ਪਿੰਦਰ ਕੌਰ** ਨੇ **ਸੁਖਮਨੀ ਸਾਹਿਬ ਵਿਚ ਬ੍ਰਹਮ ਦਾ ਸਰੂਪ** ਵਿਸ਼ੇ 'ਤੇ, **ਪ੍ਰੋ. ਸਤਨਾਮ ਕੌਰ** ਨੇ **ਗੁਰਬਾਣੀ ਵਿਚ ਮਨੁੱਖੀ ਏਕਤਾ ਅਤੇ ਅਖੰਡਤਾ ਦਾ ਸੰਕਲਪ** ਵਿਸ਼ੇ 'ਤੇ, **ਪ੍ਰੋ. ਸੁਖਮੋਹਨ ਕੌਰ** ਨੇ **ਗੁਰੂ ਗ੍ਰੰਥ ਸਾਹਿਬ ਦੇ ਸੰਦਰਭ ਵਿਚ ਅੰਤਰ-ਧਾਰਮਿਕ ਸੰਬੰਧ** ਵਿਸ਼ੇ 'ਤੇ, **ਪ੍ਰੋ. ਬਲਜਿੰਦਰ ਕੌਰ** ਨੇ **ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਾਂਝੀਵਾਲਤਾ ਦਾ ਸੰਕਲਪ** ਵਿਸ਼ੇ 'ਤੇ, **ਪ੍ਰੋ. ਅਮਨਪ੍ਰੀਤ ਕੌਰ** ਨੇ **ਗੁਰੂ ਨਾਨਕ ਬਾਣੀ ਵਿਚ ਗੁਰੂ ਦਾ ਸੰਕਲਪ** ਵਿਸ਼ੇ 'ਤੇ, **ਪ੍ਰੋ. ਗਗਨਦੀਪ ਕੌਰ** ਨੇ **ਗੁਰਬਾਣੀ ਵਿਚ ਸਚਿਆਰ ਦਾ ਸੰਕਲਪ** ਵਿਸ਼ੇ 'ਤੇ ਅਤੇ **ਪ੍ਰੋ. ਅਮਨਦੀਪ ਕੌਰ** ਨੇ **ਗੁਰੂ ਗ੍ਰੰਥ ਸਾਹਿਬ ਵਿਚ ਨਾਰੀ ਦਾ ਸੰਕਲਪ** ਵਿਸ਼ੇ 'ਤੇ ਖੋਜ ਪੇਪਰ ਪ੍ਰਸਤੁਤ ਕੀਤਾ।

**ਪ੍ਰੋ. ਸੰਦੀਪ ਚਹਿਲ** ਨੇ ਮਿਤੀ 29 ਮਾਰਚ, 2016 ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ Indira Gandhi National Centre for the Arts, New Delhi in Collaboration with Museum and Art Gallery and S. Sobha Singh Department of Fine Arts ਵੱਲੋਂ ਆਯੋਜਿਤ ਰਾਸ਼ਟਰੀ ਸੈਮੀਨਾਰ Research Methodology in Art ਵਿਚ **Challenging the Traditional Approaches to Research Methodolgy in Folk Art** ਵਿਸ਼ੇ 'ਤੇ ਖੋਜ ਪੇਪਰ ਪ੍ਰਸਤੁਤ ਕੀਤਾ।

**ਪ੍ਰੋ. ਸਤਨਾਮ ਕੌਰ** ਨੇ ਮਿਤੀ 4 ਅਕਤੂਬਰ, 2016 ਨੂੰ ਐੱਸ.ਡੀ. ਕਾਲਜ (ਲਾਹੌਰ) ਅੰਬਾਲਾ ਕੈਂਟ ਵਿਖੇ ਆਯੋਜਿਤ ਰਾਸ਼ਟਰੀ ਸੈਮੀਨਾਰ Human Freedom and Baba Banda Singh Bahadur ਵਿਚ **ਬੰਦਾ ਸਿੰਘ ਬਹਾਦਰ ਇਕ ਜੇਤੂ ਜਰਨੈਲ ਦੇ ਰੂਪ ਵਿਚ** ਵਿਸ਼ੇ 'ਤੇ ਖੋਜ ਪੇਪਰ ਪ੍ਰਸਤੁਤ ਕੀਤਾ।

ਮਿਤੀ 8 ਅਪ੍ਰੈਲ, 2016 ਨੂੰ ਗੁਰੂ ਹਰਗੋਬਿੰਦ ਸਾਹਿਬ ਖ਼ਾਲਸਾ ਗਰਲਜ਼ ਕਾਲਜ, ਕਰਹਾਲੀ ਸਾਹਿਬ, ਪਟਿਆਲਾ ਵਿਖੇ ਆਯੋਜਿਤ ਇਕ ਰੋਜ਼ਾ ਰਾਸ਼ਟਰੀ ਸੈਮੀਨਾਰ ਬਾਣੀ ਦੇ ਬੋਹਿਥ: ਗੁਰੂ ਅਰਜਨ ਦੇਵ ਜੀ ਵਿਚ **ਪ੍ਰੋ. ਸਤਨਾਮ ਕੌਰ** ਨੇ **ਗੁਰੂ ਅਰਜਨ ਦੇਵ ਜੀ ਦਾ ਜੀਵਨ** ਵਿਸ਼ੇ 'ਤੇ, **ਪ੍ਰੋ. ਸੁਖਮੋਹਨ ਕੌਰ** ਨੇ **ਗੁਰੂ ਨਾਨਕ ਬਾਣੀ ਵਿਚ ਨਿਰਮਾਣਤਾ ਦਾ ਸੰਕਲਪ** ਵਿਸ਼ੇ 'ਤੇ ਅਤੇ **ਡਾ. ਜੀਵੰਤ ਕੌਰ** ਨੇ **Early Stages of Sikh Histriography** ਵਿਸ਼ੇ 'ਤੇ ਲਿਖਿਆ ਖੋਜ ਪੇਪਰ ਪ੍ਰਸਤੁਤ ਕੀਤਾ।

**ਡਾ. ਹਰਪ੍ਰੀਤ ਕੌਰ** ਨੇ ਮਿਤੀ 22 ਜਨਵਰੀ, 2016 ਨੂੰ ਡੀ.ਏ.ਵੀ. ਕਾਲਜ, ਅਬੋਹਰ ਵਿਖੇ Biology and Agricultural Department ਦੁਆਰਾ ਆਯੋਜਿਤ National Seminar ਵਿਚ **Protected Cultivating Practices adopted in Vegetable Crops** ਵਿਸ਼ੇ 'ਤੇ ਖੋਜ ਪੇਪਰ ਪ੍ਰਸਤੁਤ ਕੀਤਾ।

**ਪ੍ਰੋ. ਗਗਨਦੀਪ ਕੌਰ** ਨੇ ਮਿਤੀ 6 ਦਸੰਬਰ, 2016 ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਦੋ ਰੋਜ਼ਾ ਰਾਸ਼ਟਰੀ ਸੈਮੀਨਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆਕਾਰੀ ਤੇ ਵਿਆਖਿਆਕਾਰ ਵਿਚ **ਪ੍ਰੋ. ਕਿਸ਼ਨ ਸਿੰਘ ਦੀ ਗੁਰਬਾਣੀ ਵਿਆਖਿਆਕਾਰੀ** ਵਿਸ਼ੇ 'ਤੇ ਖੋਜ ਪੇਪਰ ਪ੍ਰਸਤੁਤ ਕੀਤਾ।

ਮਿਤੀ 4 ਮਾਰਚ, 2016 ਨੂੰ ਡੀ.ਏ.ਵੀ. ਕਾਲਜ, ਫ਼ਿਰੋਜ਼ਪੁਰ ਵਿਖੇ ਯੂ.ਜੀ.ਸੀ. ਸਪਾਂਸਰਡ ਇਕ ਰੋਜ਼ਾ ਸੈਮੀਨਾਰ ਵਿਚ **ਡਾ. ਗੋਰਖ ਸਿੰਘ** ਨੇ **Impact of Changing Environment on Crops: A General Study** ਵਿਸ਼ੇ 'ਤੇ ਖੋਜ ਪੇਪਰ ਅਤੇ **ਪ੍ਰੋ. ਜਤਿੰਦਰ ਸਿੰਘ** ਨੇ **Status of E-Governance in Punjab - A General Survey of Patiala Region in 2015-16** ਵਿਸ਼ੇ 'ਤੇ ਖੋਜ ਪੇਪਰ ਪ੍ਰਸਤੁਤ ਕੀਤਾ। ਮਿਤੀ 31 ਮਾਰਚ, 2016 ਨੂੰ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਲੋਕ-ਪ੍ਰਸ਼ਾਸਨ ਵਿਭਾਗ ਵੱਲੋਂ ਆਯੋਜਿਤ National Seminar Innovations in Governance: Multidisciplinary Persepectives ਵਿਚ **ਡਾ. ਗੋਰਖ ਸਿੰਘ** ਅਤੇ **ਪ੍ਰੋ. ਜਤਿੰਦਰ ਸਿੰਘ** ਨੇ ਸਾਂਝੇ ਤੌਰ 'ਤੇ **Region's Character and Reforms for Better Governance in Local Administrative Assembly** ਵਿਸ਼ੇ 'ਤੇ ਲਿਖਿਆ ਖੋਜ ਪੇਪਰ ਪ੍ਰਸਤੁਤ ਕੀਤਾ।

### 8.2 ਰਾਸ਼ਟਰੀ ਸੈਮੀਨਾਰਾਂ ਵਿਚ ਅਧਿਆਪਕਾਂ ਵੱਲੋਂ ਸ਼ਮੂਲੀਅਤ

**ਡਾ. ਕੁਲਦੀਪ ਕੁਮਾਰ, ਪ੍ਰੋ. ਸਤਨਾਮ ਕੌਰ, ਡਾ. ਹਰਜੀਤ ਕੌਰ, ਡਾ. ਜੀਵੰਤ ਕੌਰ, ਪ੍ਰੋ. ਰੋਜ਼ੀ ਬਾਂਸਲ, ਪ੍ਰੋ. ਸ਼ਬਨਮ** ਅਤੇ **ਡਾ. ਪ੍ਰੀਤ ਆਨੰਦ** ਨੇ ਮਿਤੀ 31 ਮਈ, 2016 ਨੂੰ ਸਥਾਨਕ ਕਾਲਜ ਦੇ ਪੋਸਟ ਗ੍ਰੈਜੂਏਟ ਐਗ੍ਰੀਕਲਚਰ ਵਿਭਾਗ ਵੱਲੋਂ ਆਯੋਜਿਤ ਇਕ ਰੋਜ਼ਾ ਰਾਸ਼ਟਰੀ ਸੈਮੀਨਾਰ Mainstreaming Biodiversity Sustaining People and thie Livelihoods ਵਿਚ ਸ਼ਮੂਲੀਅਤ ਕੀਤੀ।

**ਡਾ. ਮਨਸਿਮਰਨ ਕੌਰ** ਨੇ ਮਿਤੀ 9 ਦਸੰਬਰ, 2016 ਨੂੰ Indian Institute of Crop Processing Technology under MOFPI, Central University, Bathinda ਵਿਖੇ ਆਯੋਜਿਤ ਰਾਸ਼ਟਰੀ ਸੈਮੀਨਾਰ **Recent Trends in Food Processing** ਵਿਚ ਸ਼ਮੂਲੀਅਤ ਕੀਤੀ।

**ਪ੍ਰੋ. ਸ਼ਬਨਮ** ਨੇ ਮਿਤੀ 5 ਨਵੰਬਰ, 2016 ਨੂੰ ਸਥਾਨਕ ਕਾਲਜ ਦੇ ਪੋਸਟ ਗ੍ਰੈਜੂਏਟ ਸੰਗੀਤ ਗਾਇਨ ਵਿਭਾਗ ਵੱਲੋਂ ਆਯੋਜਿਤ ਇਕ ਰੋਜ਼ਾ ਰਾਸ਼ਟਰੀ ਸੈਮੀਨਾਰ Redefining Classical, Semi-Classical and Light Music in the Present Context ਵਿਚ ਸ਼ਮੂਲੀਅਤ ਕੀਤੀ।

**ਪ੍ਰੋ. ਸਿਮਰਨਜੀਤ ਕੌਰ** ਨੇ ਮਿਤੀ 5-6 ਦਸੰਬਰ, 2016 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੁਆਰਾ ਆਯੋਜਿਤ ਰਾਸ਼ਟਰੀ ਸੈਮੀਨਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆਕਾਰੀ ਤੇ ਵਿਆਖਿਆਕਾਰ ਵਿਚ ਸ਼ਮੂਲੀਅਤ ਕੀਤੀ।

### 8.3 ਰਾਸ਼ਟਰੀ ਸੈਮੀਨਾਰਾਂ ਵਿਚ ਪੋਸਟਰ ਪ੍ਰਸਤੁਤੀ

ਮਿਤੀ 9-10 ਫਰਵਰੀ, 2017 ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਕੈਮਿਸਟਰੀ ਵਿਭਾਗ ਵੱਲੋਂ ਆਯੋਜਿਤ ਨੌਵੇਂ ਰਾਸ਼ਟਰੀ ਸੈਮੀਨਾਰ (NPICS: SAP-2017) ਵਿਚ **ਡਾ. ਅੰਜੂ ਖੁੱਲੁਰ** ਨੇ **Synthesis of Pyridine Dereivatives and their Pharmacological Uses** ਵਿਸ਼ੇ 'ਤੇ, **ਡਾ. ਮੋਨਿਕਾ ਬਾਂਸਲ** ਨੇ **Structure - Activity Relationship Study of Some thiazols Pyrimidine Derivatives** ਵਿਸ਼ੇ 'ਤੇ ਅਤੇ **ਡਾ. ਰੂਪੀ ਧੀਰ** ਨੇ **Intramolecular Chalcogen - Heteroatom interactions in Pyridyl Chalcogenides** ਵਿਸ਼ੇ 'ਤੇ ਪੋਸਟਰ ਪ੍ਰਸਤੁਤੀ ਕੀਤੀ।

## 9. ਕਾਲਜ ਵੱਲੋਂ ਆਯੋਜਿਤ ਰਾਸ਼ਟਰੀ ਵਰਕਸ਼ਾਪਾਂ ਅਤੇ ਕਾਲਜ ਦੇ ਅਧਿਆਪਕਾਂ ਦੀ ਵਰਕਸ਼ਾਪਾਂ ਵਿਚ ਸ਼ਮੂਲੀਅਤ

### 9.1. ਕਾਲਜ ਵੱਲੋਂ ਆਯੋਜਿਤ ਰਾਸ਼ਟਰੀ ਵਰਕਸ਼ਾਪ

#### 9.1.1. ਸਹਿਨਸ਼ੀਲਤਾ ਅਤੇ ਸਹਿ-ਹੋਂਦ ਵਿਸ਼ੇ 'ਤੇ ਦੋ-ਰੋਜ਼ਾ ਇੰਟਰਫ਼ੇਥ ਨੈਸ਼ਨਲ ਵਰਕਸ਼ਾਪ

ਮਿਤੀ 18 ਮਾਰਚ, 2017 ਨੂੰ ਕਾਲਜ ਵੱਲੋਂ **ਸਹਿਨਸ਼ੀਲਤਾ ਅਤੇ ਸਹਿ-ਹੋਂਦ** ਵਿਸ਼ੇ ਉੱਪਰ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ, ਦਿੱਲੀ ਅਤੇ ਬ੍ਰਿਟੀਸ਼ ਹਾਈ ਕਮੀਸ਼ਨ ਦੇ ਸਹਿਯੋਗ ਨਾਲ ਦੋ-ਰੋਜ਼ਾ ਇੰਟਰਫ਼ੇਥ ਵਰਕਸ਼ਾਪ ਕਰਵਾਈ ਗਈ। ਇਸ ਵਰਕਸ਼ਾਪ ਦਾ **ਉਦਘਾਟਨ** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ **ਪ੍ਰੋ. ਕਿਰਪਾਲ ਸਿੰਘ ਬਡੂੰਗਰ** ਨੇ ਕੀਤਾ। ਇਸ ਵਰਕਸ਼ਾਪ ਦੌਰਾਨ ਸਿੱਖ, ਇਸਾਈ, ਹਿੰਦੂ, ਬੁੱਧ, ਜੈਨ ਅਤੇ ਮੁਸਲਿਮ ਧਰਮ ਨਾਲ ਸਬੰਧਿਤ ਵੱਖ-ਵੱਖ ਵਿਦਵਾਨਾਂ ਨੇ ਆਪਣੇ-ਆਪਣੇ ਵਿਚਾਰ ਸਾਂਝੇ ਕੀਤੇ।

#### 9.1.2. ਭੂਮੀ ਵਿਚ ਰੇਤਲੇਪਨ ਦੇ ਵਧਣ, ਉਪਜਾਊ ਸ਼ਕਤੀ ਦੇ ਘਟਣ ਅਤੇ ਸੋਕਾ ਵਿਸ਼ੇ 'ਤੇ ਇਕ ਰੋਜ਼ਾ ਰਾਸ਼ਟਰੀ ਵਰਕਸ਼ਾਪ

ਮਿਤੀ 28 ਮਾਰਚ, 2017 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ **ਪ੍ਰੋ. ਕਿਰਪਾਲ ਸਿੰਘ ਜੀ ਬਡੂੰਗਰ** ਦੇ ਆਦੇਸ਼ਾਂ ਤਹਿਤ ਕਾਲਜ ਦੇ **ਪੋਸਟ ਗ੍ਰੈਜੂਏਟ ਖੇਤੀਬਾੜੀ ਵਿਭਾਗ** ਵੱਲੋਂ **ਸਿੱਖ ਵਾਤਾਵਰਣ ਦਿਵਸ ਮਨਾਇਆ** ਗਿਆ। ਇਸ ਮੌਕੇ ਭਾਰਤ ਸਰਕਾਰ ਦੇ ਵਾਤਾਵਰਣ, ਜੰਗਲਾਤ ਅਤੇ ਮੌਸਮ ਵਿਭਾਗ ਵੱਲੋਂ ਸਪਾਂਸਰਡ ਰਾਸ਼ਟਰੀ ਵਾਤਾਵਰਣ ਚੇਤਨਾ ਮੁਹਿੰਮ (ਐੱਨ.ਈ.ਏ.ਸੀ.) ਤਹਿਤ ਭੂਮੀ ਵਿਚ ਰੇਤਲੇਪਨ ਦੇ ਵਧਣ, ਉਪਜਾਊ ਸ਼ਕਤੀ ਦੇ ਘਟਣ ਅਤੇ ਸੋਕਾ ਵਿਸ਼ੇ 'ਤੇ ਇਕ ਰੋਜ਼ਾ **ਰਾਸ਼ਟਰੀ ਵਰਕਸ਼ਾਪ** ਕਰਵਾਗਈ ਗਈ। ਜਿਸ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਜੁਆਲੋਜੀ ਵਿਭਾਗ ਅਤੇ ਇਨਵਾਇਰਮੈਂਟ ਸਾਇੰਸ ਵਿਭਾਗ ਦੇ **ਪ੍ਰੋਫ਼ੈਸਰ ਡਾ. ਜਗਬੀਰ ਸਿੰਘ** ਨੇ ਵਾਤਾਵਰਣ ਦੀ ਸੰਭਾਲ ਸਬੰਧੀ **ਵਿਚਾਰ ਸਾਂਝੇ ਕੀਤੇ**।

### 9.2 ਅਧਿਆਪਕਾਂ ਵੱਲੋਂ ਵਰਕਸ਼ਾਪਾਂ ਵਿਚ ਸ਼ਮੂਲੀਅਤ

**ਡਾ. ਬਲਬੀਰ ਕੌਰ** ਨੇ ਮਿਤੀ 11-17 ਮਾਰਚ, 2016 ਨੂੰ ਗੌਰਮਿੰਟ ਹੋਮ ਸਾਇੰਸ ਕਾਲਜ, ਚੰਡੀਗੜ੍ਹ ਵਿਖੇ **Capacity Building Workshop on Holistics Skill Enhancement** ਵਿਸ਼ੇ 'ਤੇ ਆਯੋਜਿਤ ਵਰਕਸ਼ਾਪ ਲਗਾਈ।

**ਪ੍ਰੋ. ਰਾਜਦੀਪ ਸਿੰਘ ਧਾਲੀਵਾਲ**, **ਡਾ. ਪ੍ਰੀਤ ਆਨੰਦ** ਅਤੇ **ਡਾ. ਅਕਸ਼ਿਤਾ ਧਾਲੀਵਾਲ** ਨੇ ਮਿਤੀ 29 ਸਤੰਬਰ ਤੋਂ 1 ਅਕਤੂਬਰ, 2016 ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ **Rap a Step (Research as Pedagogy a Science Teacher Education Programme)** ਵਿਸ਼ੇ 'ਤੇ ਆਯੋਜਿਤ ਤਿੰਨ ਰੋਜ਼ਾ ਵਰਕਸ਼ਾਪ ਵਿਚ ਭਾਗ ਲਿਆ।

**ਡਾ. ਨਿਧੀ ਗੁਪਤਾ** ਨੇ ਮਿਤੀ 4-6 ਜਨਵਰੀ, 2017 ਨੂੰ **National Insisitute of Occupational Health, Ahmedabad** ਵਿਖੇ ਆਯੋਜਿਤ ਵਰਕਸ਼ਾਪ ਲਗਾਈ।

**ਪ੍ਰੋ. ਰੋਜ਼ੀ ਬਾਂਸਲ** ਨੇ 7-13 ਜਨਵਰੀ, 2017 ਨੂੰ Sri Guru Granth Sahib World Univeristy, Fatehgarh Sahib ਵਿਖੇ **Data Analysis in Research** ਵਿਸ਼ੇ 'ਤੇ ਆਯੋਜਿਤ ਵਰਕਸ਼ਾਪ ਲਗਾਈ।

## 10. ਫ਼ੈਕਲਟੀ ਮੈਂਬਰਾਂ ਵੱਲੋਂ ਲਗਾਏ ਗਏ ਓਰੀਐਨਟੇਸ਼ਨ/ਰਿਫ਼ਰੈਸ਼ਰ ਕੋਰਸ

### 10.1 ਓਰੀਐਨਟੇਸ਼ਨ ਕੋਰਸ

**ਡਾ. ਗੁਰਸਿਮਰਜੀਤ ਕੌਰ** ਨੇ ਮਿਤੀ 2-29 ਨਵੰਬਰ, 2016 ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਯੂ.ਜੀ.ਸੀ. ਐੱਚ.ਆਰ.ਡੀ.ਸੀ. ਵੱਲੋਂ ਆਯੋਜਿਤ ਓਰੀਐਨਟੇਸ਼ਨ ਕੋਰਸ ਲਗਾਇਆ।

### 10.2 ਰਿਫ਼ਰੈਸ਼ਰ ਕੋਰਸ

**ਡਾ. ਹਰਪ੍ਰੀਤ ਕੌਰ** ਨੇ ਮਿਤੀ 1-21 ਦਸੰਬਰ, 2016 ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਯੂ.ਜੀ.ਸੀ. ਐੱਚ.ਆਰ.ਡੀ.ਸੀ. ਦੁਆਰਾ ਆਯੋਜਿਤ ਰਿਫ਼ਰੈਸ਼ਰ ਕੋਰਸ ਲਗਾਇਆ।

## 11. ਅਧਿਆਪਕਾਂ ਨੂੰ ਯੂ.ਜੀ.ਸੀ. ਵੱਲੋਂ ਮਿਲੇ ਮਾਈਨਰ ਖੋਜ ਪ੍ਰਾਜੈਕਟ

ਇਸ ਸੈਸ਼ਨ ਦੌਰਾਨ ਯੂ.ਜੀ.ਸੀ. ਨਵੀਂ ਦਿੱਲੀ ਵੱਲੋਂ **ਪ੍ਰੋ. ਜਤਿੰਦਰ ਕੌਰ** ਨੂੰ ਐਗ੍ਰੀਕਲਚਰਲ/ਸੈਰੀਕਲਚਰ/ਹਾਰਟੀਕਲਚਰ, **ਡਾ. ਮਨਸਿਮਰਨ ਕੌਰ ਰੰਧਾਵਾ** ਨੂੰ ਬਾਇਓਟੈਕਨਾਲੋਜੀ, **ਡਾ. ਅੰਜੂ ਖੁੱਲ੍ਰ** ਨੂੰ ਕੈਮੀਕਲ ਟੈਕਨਾਲੋਜੀ, **ਡਾ. ਮੋਨਿਕਾ ਬਾਂਸਲ** ਅਤੇ **ਡਾ. ਰੂਪੀ ਧੀਰ** ਨੂੰ ਕੈਮਿਸਟਰੀ/ਪੋਲੀਮਰ ਸਾਇੰਸ, **ਪ੍ਰੋ. ਜੈਸਮੀਨ ਟਿਵਾਣਾ** ਅਤੇ **ਪ੍ਰੋ. ਤ੍ਰਿਪਤ ਕੌਰ** ਨੂੰ ਕਾਮਰਸ, **ਡਾ. ਆਇਸ਼ਾ ਖੋਸਲਾ** ਅਤੇ **ਡਾ. ਰੂਬਲ ਬਰਾੜ** ਨੂੰ ਇੰਗਲਿਸ਼, **ਡਾ. ਬਲਬੀਰ ਕੌਰ** ਨੂੰ ਹੋਮ ਸਾਇੰਸ/ਫ਼ੂਡ ਟੈਕਨਾਲੋਜੀ ਅਤੇ **ਡਾ. ਤੇਜਿੰਦਰਪਾਲ ਸਿੰਘ** ਨੂੰ ਮਿਊਜ਼ਿਕ ਵਿਸ਼ੇ ਨਾਲ ਸਬੰਧਿਤ ਮਾਈਨਰ ਰਿਸਰਚ ਪ੍ਰਾਜੈਕਟ ਪ੍ਰਾਪਤ ਹੋਇਆ।

## 12. ਅਧਿਆਪਕਾਂ ਵੱਲੋਂ ਪ੍ਰਕਾਸ਼ਿਤ/ਸੰਪਾਦਿਤ ਕੀਤੀਆਂ ਖੋਜ ਪੁਸਤਕਾਂ

### 12.1 ਅਧਿਆਪਕ ਵੱਲੋਂ ਪ੍ਰਕਾਸ਼ਿਤ ਖੋਜ ਪੁਸਤਕ

**ਡਾ. ਅੰਜੂ ਖੁੱਲ੍ਰ** ਦੀ **Synthesis of Pyridine Derivatives and their Pharmacological Uses** ਵਿਸ਼ੇ 'ਤੇ ਖੋਜ ਪੁਸਤਕ Lambert, German ਤੋਂ ਪ੍ਰਕਾਸ਼ਿਤ ਹੋਈ।

### 12.2 ਅਧਿਆਪਕ ਵੱਲੋਂ ਸੰਪਾਦਿਤ ਕੀਤੀਆਂ ਖੋਜ ਪੁਸਤਕ

**ਪ੍ਰੋ. ਜਸਪ੍ਰੀਤ ਕੌਰ**, **ਡਾ. ਰੂਬਲ ਬਰਾੜ**, **ਪ੍ਰੋ. ਨਵਦੀਪ ਕੌਰ** ਅਤੇ **ਡਾ. ਆਇਸ਼ਾ ਖੋਸਲਾ** ਨੇ ਸਾਂਝੇ ਤੌਰ 'ਤੇ ਅੰਗ੍ਰੇਜ਼ੀ ਕਵਿਤਾਵਾਂ ਦੀ ਪਾਠ-ਪੁਸਤਕ **Flames of Inspiration** ਸੰਪਾਦਿਤ ਕੀਤੀ।

## 13. ਵੱਖ-ਵੱਖ ਪੁਸਤਕਾਂ/ਮੈਗਜ਼ੀਨਾਂ ਵਿਚ ਪ੍ਰਕਾਸ਼ਿਤ ਖੋਜ ਪੇਪਰ/ਆਰਟੀਕਲ/ਚੈਪਟਰ

**ਪ੍ਰੋ. ਸਤਨਾਮ ਕੌਰ** ਦਾ **ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਦੁੱਤੀ ਅਤੇ ਵਿਲੱਖਣ ਸ਼ਖ਼ਸੀਅਤ** ਵਿਸ਼ੇ 'ਤੇ ਖੋਜ ਚੈਪਟਰ, **ਪ੍ਰੋ. ਸੁਖਮੋਹਨ ਕੌਰ** ਦਾ **ਨਿਰਮਾਣਤਾ ਦੇ ਪੁੰਜ – ਸ੍ਰੀ ਗੁਰੂ ਨਾਨਕ ਦੇਵ ਜੀ** ਵਿਸ਼ੇ 'ਤੇ ਖੋਜ ਚੈਪਟਰ, **ਡਾ. ਜੀਵੰਤ ਕੌਰ** ਦਾ **ਜੈਸਲਮੇਰ ਤੋਂ ਪਟਿਆਲਾ: ਇਤਿਹਾਸਿਕ ਸਰਵੇਖਣ** ਵਿਸ਼ੇ 'ਤੇ ਖੋਜ ਚੈਪਟਰ ਅਤੇ **ਪ੍ਰੋ. ਬਲਜਿੰਦਰ ਕੌਰ** ਦਾ **ਬੀਬੀ ਨਾਨਕੀ ਜੀ** ਵਿਸ਼ੇ 'ਤੇ ਖੋਜ ਚੈਪਟਰ **ਨਰਿੰਦਰ ਕੌਰ** ਅਤੇ **ਡਾ. ਹਰਜਿੰਦਰ ਕੌਰ** ਦੁਆਰਾ ਸੰਪਾਦਿਤ ਪੁਸਤਕ **ਮਹਾਨ ਸ਼ਖ਼ਸੀਅਤਾਂ 'ਤੇ ਇਕ ਨਜ਼ਰ**, ਜ਼ੋਹਰਾ ਪਬਲੀਕੇਸ਼ਨ, ਪਟਿਆਲਾ ਵਿਚ ਪ੍ਰਕਾਸ਼ਿਤ ਹੋਇਆ।

**ਡਾ. ਗੌਰੀ ਖੰਨਾ** ਦਾ **Moral Education among Students** ਵਿਸ਼ੇ 'ਤੇ ਖੋਜ ਪੇਪਰ ਡਾ. ਕੰਵਰ ਜਸਮਿੰਦਰਪਾਲ ਸਿੰਘ ਦੁਆਰਾ ਸੰਪਾਦਿਤ ਪੁਸਤਕ Globalization, Moral Vaules and Indian Education, ISBN NO. 978-81-932861-9-7 Ghuman Publication, Sangrur ਵਿਚ ਪ੍ਰਕਾਸ਼ਿਤ ਹੋਇਆ।

**ਡਾ. ਮਨਸਿਮਰਨ ਕੌਰ** ਦਾ **ਬੱਚਿਆਂ ਦੀਆਂ ਆਲੀਆਂ-ਭੋਲੀਆਂ ਗੱਲਾਂ** ਵਿਸ਼ੇ 'ਤੇ ਆਰਟੀਕਲ ਅਜੀਤ ਅਖ਼ਬਾਰ, 10 ਜੁਲਾਈ, 2016 ਵਿਚ ਪ੍ਰਕਾਸ਼ਿਤ ਹੋਇਆ ਅਤੇ **ਟੁੱਟਦੇ ਸੁਪਨੇ ਦੀ ਰੀਸ** ਵਿਸ਼ੇ 'ਤੇ ਆਰਟੀਕਲ, ਪਹਿਲ, ਮਾਸਿਕ ਮੈਗਜ਼ੀਨ, ਸਾਹਿਤ ਸਭਾ, ਸੰਗਰੂਰ, ਨਵੰਬਰ 2016 ਵਿਚ ਪ੍ਰਕਾਸ਼ਿਤ ਹੋਇਆ।

**ਪ੍ਰੋ. ਪ੍ਰੀਤੀ ਸ਼ਰਮਾ** ਦਾ **The Namesake: For the Sake of Name and Identity** ਵਿਸ਼ੇ ’ਤੇ ਖੋਜ ਚੈਪਟਰ ਹਰਮਨਜੋਤ ਕੌਰ ਦੁਆਰਾ ਸੰਪਾਦਿਤ ਪੁਸਤਕ Jhumpa Lahiri's The NameSake - Critical Essays ਵਿਚ ਪ੍ਰਕਾਸ਼ਿਤ ਹੋਇਆ।

**ਡਾ. ਸੁਖਵੀਰ ਕੌਰ** ਦਾ **Red Cell Enzyme Polymorglvism in Jat Sikhs and Muslims of Punjab** ਵਿਸ਼ੇ ’ਤੇ ਆਰਟੀਕਲ IJBAAS ਮੈਗਜ਼ੀਨ ਵਿਚ ਪ੍ਰਕਾਬਿਤ ਹੋਇਆ।

**14. ਅਧਿਆਪਕਾਂ ਦੇ ਅੰਤਰਰਾਸ਼ਟਰੀ ਜਰਨਲਾਂ ਵਿਚ ਪ੍ਰਕਾਸ਼ਿਤ ਖੋਜ ਪੇਪਰ**

**ਡਾ. ਤਰਲੋਚਨ ਸਿੰਘ ਮਹਾਜਨ** ਦਾ **Optimum Soil: Manure to Soil Ratio for Better Germination of Triticum Seed** ਵਿਸ਼ੇ ’ਤੇ ਖੋਜ ਪੇਪਰ International Journal of Advanced Agricultural Technologies, ISSN:2373-423X ਵਿਚ ਪ੍ਰਕਾਸ਼ਿਤ ਹੋਇਆ।

**ਪ੍ਰੋ. ਸੁਖਮੀਨ ਕੌਰ** ਦਾ **Sementic Web Mining Technique and their Conter measures for Analyzing Web user Behaviour** ਵਿਸ਼ੇ ’ਤੇ ਲਿਖਿਆ ਖੋਜ ਪੇਪਰ, International Journal of Technology and Engineering, ISSN No. 2455-9121 ਵਿਚ ਪ੍ਰਕਾਸ਼ਿਤ ਹੋਇਆ।

**ਡਾ. ਸਰਬਜੀਤ ਸਿੰਘ ਆਹਲੂਵਾਲੀਆ** ਦਾ **ਏ. ਪੋਖਰੀਆ** ਨਾਲ ਸਾਂਝੇ ਤੌਰ ’ਤੇ **Declorization of textile dyes Basic Reg 46 and Reactive Black 5 by Staphyloccus epidermidis MTCC 10623** ਵਿਸ਼ੇ ’ਤੇ ਲਿਖਿਆ ਖੋਜ ਪੇਪਰ International Journal of Environmetnal Bioremediation & Biodergradation, 4(2), 35-46, ਵਿਚ ਪ੍ਰਕਾਸ਼ਿਤ ਹੋਇਆ ਅਤੇ ਇਨ੍ਹਾਂ ਦਾ ਹੀ ਸਾਂਝੇ ਤੌਰ’ ’ਤੇ **Biodevolorzation and degradation of xenobiotics ago dye-basic Red 46 by Stpahylococus epidermidis MTCC 10623** ਵਿਸ਼ੇ ’ਤੇ ਲਿਖਿਆ ਖੋਜ ਪੇਪਰ International Journal of Research in Biosciences, 5(2), 10-23 ਵਿਚ ਪ੍ਰਕਾਸ਼ਿਤ ਹੋਇਆ।

ਸਥਾਨਕ ਕਾਲਜ ਦੇ ਪੰਜਾਬੀ ਵਿਭਾਗ ਵੱਲੋਂ ਪ੍ਰਕਾਸ਼ਿਤ ਅੰਤਰਰਾਸ਼ਟਰੀ ਜਰਨਲ ਖੋਜ ਪੰਧ, ISSN 2394-0980, Vol. 02 ਵਿਚ **ਡਾ. ਜੀਵੰਤ ਕੌਰ** ਦਾ **ਲੋਕ-ਨਾਟ ਪਰੰਪਰਾ ਦੀ ਪ੍ਰਾਚੀਨਤਾ** ਵਿਸ਼ੇ ’ਤੇ ਅਤੇ **ਡਾ. ਰਵਿੰਦਰ ਕੌਰ** ਦਾ **ਗ਼ਲਪੀ ਵਿਧਾ ਦੀ ਨਾਟਕੀ ਰੂਪਾਂਤਰਿਤ ਜੁਗਤ** ਵਿਸ਼ੇ ’ਤੇ ਲਿਖਿਆ ਖੋਜ ਪੇਪਰ ਪ੍ਰਕਾਸ਼ਿਤ ਹੋਇਆ। **ਡਾ. ਰਵਿੰਦਰ ਕੌਰ** ਦਾ **ਸੰਤ ਰਾਮ ਉਦਾਸੀ ਦੀ ਕਵਿਤਾ, ਸਰੂਪ, ਸੁਭਾਅ ਅਤੇ ਪ੍ਰਸੰਗ** ਵਿਸ਼ੇ ’ਤੇ ਖੋਜ ਪੇਪਰ ਅੰਤਰਰਾਸ਼ਟਰੀ ਜਰਨਲ ਸੰਵਾਦ, ਕੈਨੇਡਾ, ਜੂਨ 2016 ਵਿਚ ਪ੍ਰਕਾਸ਼ਿਤ ਹੋਇਆ।

**ਡਾ. ਜਗਜੀਤ ਸਿੰਘ** ਦਾ **ਫ਼ਿਲਮ ਸੰਗੀਤ ਅਤੇ ਸ਼ਾਸਤਰੀਯਾ ਸੰਗੀਤ** ਵਿਸ਼ੇ ’ਤੇ ਖੋਜ ਪੇਪਰ ਅਤੇ **ਡਾ. ਤਜਿੰਦਰਪਾਲ ਸਿੰਘ** ਦਾ **ਫ਼ਿਲਮੀ ਸੰਗੀਤ ਮੇਂ ਸ਼ਾਸਤਰੀਯ ਗਾਇਕ ਕਲਾਕਾਰੋਂ ਕਾ ਯੋਗਦਾਨ** ਵਿਸ਼ੇ ’ਤੇ ਖੋਜ ਪੇਪਰ Indian Journal of Social Concerns, ISSN No. 2231-5837 ਵਿਚ ਪ੍ਰਕਾਸ਼ਿਤ ਹੋਇਆ।

**ਡਾ. ਹਰਪ੍ਰੀਤ ਕੌਰ** ਦਾ ਸਰਵਨ ਕੁਮਾਰ, ਬੀ.ਐੱਸ. ਤਿਆਗੀ ਅਤੇ ਅਨੁਜ ਕੁਮਾਰ ਨਾਲ ਸਾਂਝੇ ਤੌਰ ’ਤੇ **Study of Genetic Variablity and Character Association for Yield and its contributing traits in bread wheat (Triticum aestivum L.)** ਵਿਸ਼ੇ ’ਤੇ ਲਿਖਿਆ ਖੋਜ ਪੇਪਰ Research Environment Life Science ਵਿਚ ਪ੍ਰਕਾਸ਼ਿਤ ਹੋਇਆ।

**ਡਾ. ਜਗਤਾਰ ਸਿੰਘ** ਦਾ **Judicial Activism: Directive Ligislation by the Supreme Court of India** ਵਿਸ਼ੇ ’ਤੇ ਲਿਖਿਆ ਖੋਜ ਪੇਪਰ International Journal of Multidisciplinary Educational Research, Vol. 5, Issue. 4, 2016, JISRF Impact factor 3.318, Index Copernicus Value 5.16, ISSN-2321-5747 ਵਿਚ ਅਤੇ **Representative Institution in Ancient India** ਵਿਸ਼ੇ ’ਤੇ ਲਿਖਿਆ ਖੋਜ ਪੇਪਰ IAHRW International Journal of Social Sciences Review, Vol. 4, No. 6, 2016, ISSN No. 2347-3797 ਵਿਚ ਪ੍ਰਕਾਸ਼ਿਤ ਹੋਇਆ।

**ਪ੍ਰੋ. ਰੋਜ਼ੀ ਬਾਂਸਲ** ਦਾ **Value Addition and Storage Stability of Processed Tomato Salsa** ਵਿਸ਼ੇ ’ਤੇ Review Articls Internation Journal of Food Science and Nutrition Technology, Thomson Ryberg Publication, Vol-1, Issue 1, Dec 2016 ਵਿਚ ਪ੍ਰਕਾਸ਼ਿਤ ਹੋਇਆ।

**ਡਾ. ਮਨਸਿਮਰਨ ਕੌਰ** ਦਾ **Immunorestores Activity of Probiotic Bacterial DNA: An Innovo Study** ਵਿਸ਼ੇ ’ਤੇ ਲਿਖਿਆ ਖੋਜ ਪੇਪਰ World Journal of Pharmaceutical and Life Science, 2(6), 348-358, ISSN 2454-2229, ਵਿਚ ਪ੍ਰਕਾਸ਼ਿਤ ਹੋਇਆ।

**ਡਾ. ਨਿਧੀ ਗੁਪਤਾ** ਦਾ **Cancer: The Flip Side of Green Revolution** ਵਿਸ਼ੇ ’ਤੇ ਖੋਜ ਪੇਪਰ Journal of Basic and Applied Engineering Research, Vol. 3, Issue- 1, (2016), 24, ISSN:2350-02 55 ਵਿਚ ਪ੍ਰਕਾਸ਼ਿਤ ਹੋਇਆ ਅਤੇ **Silver**

**Selective Electrodes using Jonophores with Thioether-Amide - Amine** ਵਿਸ਼ੇ 'ਤੇ ਖੋਜ ਪੇਪਰ International Journal of Analytical Chemistry, Vol 72, No. 2 (2017), ISSN-1061-9348 ਵਿਚ ਪ੍ਰਕਾਸ਼ਿਤ ਹੋਇਆ।

**ਡਾ. ਮਨੀਸ਼ ਕੁਮਾਰ** ਦਾ **A Review on Phylogenetic Analysis of Forensically Important Flier (Diptera)** ਵਿਸ਼ੇ 'ਤੇ ਖੋਜ ਪੇਪਰ International Journal for Science and Research in Technology ਵਿਚ ਪ੍ਰਕਾਸ਼ਿਤ ਹੋਇਆ।

**ਡਾ. ਸੁਖਵੀਰ ਕੌਰ** ਦਾ **Production and Optimization of Pectinase by Bacillus Sp. Isolated from Vegetable Waste Soil** ਵਿਸ਼ੇ 'ਤੇ ਖੋਜ ਪੇਪਰ Indo American Journal of Pharmocentical Research ਵਿਚ ਪ੍ਰਕਾਸ਼ਿਤ ਹੋਇਆ ਅਤੇ **Isolation and Characterization of Antiobiotic Producing Actinomycetes from Agriculture Soil** ਵਿਸ਼ੇ 'ਤੇ ਖੋਜ ਪੇਪਰ World Journal of Pharmacy and Pharmaceutical Sciences ਵਿਚ ਪ੍ਰਕਾਸ਼ਿਤ ਹੋਇਆ।

**ਡਾ. ਗੋਰਖ ਸਿੰਘ** ਦਾ **Existing Cropping Patterna and Changes theirin Punjab: A Specific Study based on 1984-85 to 2014-15** ਵਿਸ਼ੇ 'ਤੇ ਖੋਜ ਪੇਪਰ ਅਤੇ **ਪ੍ਰੋ. ਜਤਿੰਦਰ ਸਿੰਘ** ਦਾ **Policies and Programmers for Better Governance and Reforms in Local Administrative Assembly: 2014-15** ਵਿਸ਼ੇ 'ਤੇ ਖੋਜ ਪੇਪਰ International Journal of Management and Social Sciences Research Review, Bangalore, Vol. I, ISSN 2349-6738, April 2016 ਵਿਚ ਪ੍ਰਕਾਸ਼ਿਤ ਹੋਇਆ। **ਡਾ. ਗੋਰਖ ਸਿੰਘ** ਦਾ **Proposed Eco-friendly Crop Planning Regions in Punjab: Special Reference on behalf of 1984-85 to 2014-15** ਵਿਸ਼ੇ 'ਤੇ ਖੋਜ ਪੇਪਰ ਅਤੇ **ਪ੍ਰੋ. ਜਤਿੰਦਰ ਸਿੰਘ** ਦਾ **Governance and Good Governance: A Conception Perspective** ਵਿਸ਼ੇ 'ਤੇ ਖੋਜ ਪੇਪਰ 2016 The Summit A Peer Reviewed Journal of Humanities & Social Science, Vol. IV, ISSN: 2394-5753 ਵਿਚ ਪ੍ਰਕਾਸ਼ਿਤ ਹੋਇਆ। **ਡਾ. ਗੋਰਖ ਸਿੰਘ** ਦਾ **Impact of Geographical Environment on Health and Mental Health: An Introductory Report on Human Health Issues on behalf of Past and Present** ਵਿਸ਼ੇ 'ਤੇ ਖੋਜ ਪੇਪਰ ਅਤੇ **ਪ੍ਰੋ. ਜਤਿੰਦਰ ਸਿੰਘ** ਦਾ **Good Governance in India: Challenges and Opportunities** ਵਿਸ਼ੇ 'ਤੇ ਖੋਜ ਪੇਪਰ Paachi Journal of Psycho-Cultural Dimensions, Vo. 32 (1) ISSN: 0971-7064, April 2016 ਵਿਚ ਪ੍ਰਕਾਸ਼ਿਤ ਹੋਇਆ।

## 15. ਰਾਸ਼ਟਰੀ ਜਰਨਲਾਂ ਵਿਚ ਪ੍ਰਕਾਸ਼ਿਤ ਖੋਜ ਪੇਪਰ

**ਡਾ. ਪੁਸ਼ਪਿੰਦਰ ਕੌਰ** ਦਾ **ਪਰਵਾਸੀ ਪੰਜਾਬੀ ਕੰਜਕਾਂ ਦਾ ਪੂੰਜੀਵਾਦੀ ਸਭਿਆਚਾਰਕ ਅਨੁਕੂਲੀਕਰਨ ਅਤੇ ਅਸਾਧਾਰਨ ਪੀੜੀ ਪਾੜੇ ਦਾ ਅੰਤਰ ਸਭਿਆਚਾਰਕ ਤਣਾਓ** ਵਿਸ਼ੇ 'ਤੇ ਖੋਜ ਪੇਪਰ ਰਾਸ਼ਟਰੀ ਜਰਨਲ ਸਤਲੁਜ, Vol. 2, No. 2, 2016 ਸਰਕਾਰੀ ਕਾਲਜ ਰੋਪੜ ਵਿਚ ਅਤੇ **ਬਰਤਾਨਵੀ ਪਰਵਾਸੀ ਪੰਜਾਬੀਆਂ ਦੇ ਅੰਤਰ ਨਸਲ ਪਰਿਵਾਰਕ ਰਿਸ਼ਤਿਆਂ ਦਾ ਅੰਤਰ ਸਭਿਆਚਾਰਕ ਤਣਾਓ ਅਤੇ ਤ੍ਰਾਸਦੀ** ਵਿਸ਼ੇ 'ਤੇ ਖੋਜ ਪੇਪਰ ਰਾਸ਼ਟਰੀ ਜਰਨਲ ਪ੍ਰਗਾਸ ਅੰਕ 1, ਜੁਲਾਈ-ਦਸਬੰਰ 2016, ਗੁਰੂ ਨਾਨਕ ਕਾਲਜ, ਬੁਢਲਾਢਾ ਵਿਚ ਪ੍ਰਕਾਸ਼ਿਤ ਹੋਇਆ।

## 16. ਅਧਿਆਪਕਾਂ ਨੂੰ ਮਿਲੇ ਮਾਣ-ਸਨਮਾਨ

**ਡਾ. ਹਰਵਿੰਦਰ ਕੌਰ** ਨੂੰ ਮਿਤੀ 2 ਅਕਤੂਬਰ, 2016 ਨੂੰ ਰਾਸ਼ਟਰੀ ਪੱਧਰ ਦੀ ਸੰਸਥਾ ਨਾਰਾਯਣੀ ਸਾਹਿਤ ਅਕਾਦਮੀ ਵੱਲੋਂ ਹਿੰਦੀ ਸਾਹਿਤ ਵਿਚ ਯੋਗਦਾਨ ਪਾਉਣ 'ਤੇ ਸਨਮਾਨਿਤ ਕੀਤਾ ਗਿਆ। ਇਸੇ ਸੰਸਥਾ ਵੱਲੋਂ **ਪ੍ਰੋ. ਸ਼ਬਨਮ** ਨੂੰ ਮੌਲਿਕ ਕਵਿਤਾ ਪੇਸ਼ ਕਰਨ 'ਤੇ ਸਨਮਾਨਿਤ ਕੀਤਾ ਗਿਆ।

## 17. ਕਾਲਜ ਵੱਲੋਂ ਕਰਵਾਏ ਗਏ ਲੈਕਚਰ/ਕਾਲਜ ਦੇ ਅਧਿਆਪਕਾਂ ਦੁਆਰਾ ਦਿੱਤੇ ਗਏ ਲੈਕਚਰ/ਕੀ-ਨੋਟ ਐਡਰੈਸ/ ਚੇਅਰ ਕੀਤੇ ਗਏ ਸੈਸ਼ਨ

### 17.1 ਕਾਲਜ ਵੱਲੋਂ ਕਰਵਾਏ ਗਏ ਲੈਕਚਰ

ਮਿਤੀ 5 ਅਪ੍ਰੈਲ, 2016 ਨੂੰ ਕਾਲਜ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਵੱਲੋਂ **ਭਾਸ਼ਾ ਅਤੇ ਸ਼ਬਦ ਦੀ ਮਹੱਤਤਾ** ਵਿਸ਼ੇ ਪੰਜਾਬੀ ਲੇਖਕ **ਖੋਜੀ ਕਾਫ਼ਿਰ** ਦੇ ਲੈਕਚਰ ਦਾ ਆਯੋਜਨ ਕੀਤਾ ਗਿਆ।

ਮਿਤੀ 5 ਅਪ੍ਰੈਲ, 2016 ਨੂੰ ਬੀ.ਵਾਕ. ਫ਼ੂਡ ਪ੍ਰੋਸੈਸਿੰਗ ਐਂਡ ਇੰਜੀਨਿਅਰਿੰਗ ਵੱਲੋਂ ਫ਼ਾਇਰ ਕੰਪਨੀ ਦੇ ਸੀਨੀਅਰ ਟੈਰੀਟਰੀ ਮੈਨੇਜਰ (ਬਿਜ਼ਨਸ ਡਿਵੈਲਪਮੈਂਟ) **ਸ਼੍ਰੀ ਅਮਿਤ ਵਾਲੀਆ** ਦਾ **ਯੂਜ਼ ਆਫ਼ ਫ਼ਾਇਰ ਐਕਸਟਿੰਗੁਸ਼ਰ** ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ।

ਮਿਤੀ 5 ਅਪ੍ਰੈਲ, 2016 ਨੂੰ ਬੀ.ਵਾਕ. ਫ਼ੂਡ ਪ੍ਰੋਸੈਸਿੰਗ ਐਂਡ ਇੰਜੀਨਿਅਰਿੰਗ ਵੱਲੋਂ ਡਿਸਟ੍ਰਿਕਟ ਟ੍ਰੇਨਿੰਗ ਸੁਪਰਵਾਈਜ਼ਰ (ਰਿਟਾਇਰਡ), ਇਡੀਅਨ ਰੈੱਡ ਕਰਾਸ ਸੁਸਾਇਟੀ ਐਂਡ ਪ੍ਰੈਜ਼ੀਡੈਂਟ ਫ਼ਸਟ-ਏਡ ਸੇਫ਼ਟੀ ਐਂਡ ਹੈਲਥ ਮਿਸ਼ਨ **ਸ਼੍ਰੀ ਕਾਕਾ ਰਾਮ ਵਰਮਾ** ਦਾ **ਫ਼ਸਟ-ਏਡ** ਸਬੰਧੀ ਲੈਕਚਰ ਕਰਵਾਇਆ ਗਿਆ।

ਮਿਤੀ 15 ਸਤੰਬਰ, 2016 ਨੂੰ ਕਾਲਜ ਦੇ ਯੂਥ ਕਲੱਬ ਅਤੇ ਰੈੱਡ ਕਰਾਸ ਸੁਸਾਇਟੀ ਵੱਲੋਂ ਅਮਰ ਹਸਪਤਾਲ ਪਟਿਆਲਾ ਦੇ **ਡਾ. ਜੇ.ਐੱਸ. ਸਰਾਅ** ਦਾ **ਡੀ-ਸਟਰੈੱਸ ਅਡਿਕਸ਼ਨ ਪਰਾਬਲਮਜ਼ ਅਤੇ ਨਿਊਟਰੀਸ਼ੀਅਨ** ਵਿਸ਼ੇ ’ਤੇ ਲੈਕਚਰ ਕਰਵਾਇਆ ਗਿਆ।

ਮਿਤੀ 27 ਅਕਤੂਬਰ, 2016 ਨੂੰ ਕਾਲਜ ਦੇ ਪੋਸਟ ਗ੍ਰੈਜੂਏਟ ਫ਼ਿਜ਼ਿਕਸ ਵਿਭਾਗ ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਡੀਨ ਯੂਥ ਵੈਲਫ਼ੇਅਰ, ਪੰਜਾਬੀ ਵਿਭਾਗ ਦੇ ਮੁਖੀ ਅਤੇ ਮਸ਼ਹੂਰ ਮਨੋਵਿਗਿਆਨੀ **ਡਾ. ਨਰਿੰਦਰ ਸਿੰਘ ਕਪੂਰ** ਦਾ **ਵਿਦਿਆਰਥੀ ਸ਼ਖ਼ਸੀਅਤ ਦੀ ਬਹੁਪੱਖੀ ਉਸਾਰੀ** ਵਿਸ਼ੇ ’ਤੇ ਲੈਕਚਰ ਕਰਵਾਇਆ ਗਿਆ।

ਮਿਤੀ 4 ਨਵੰਬਰ, 2016 ਨੂੰ ਕਾਲਜ ਦੇ ਯੂਥ ਕਲੱਬ ਅਤੇ ਰੈੱਡ ਕਰਾਸ ਸੁਸਾਇਟੀ ਵੱਲੋਂ ਥਾਪਰ ਯੂਨੀਵਰਸਿਟੀ ਪਟਿਆਲਾ ਦੇ **ਡਾ. ਮਨਦੀਪ ਸਿੰਘ** ਦਾ **Lets do it** ਵਿਸ਼ੇ ’ਤੇ ਲੈਕਚਰਰ ਕਰਵਾਇਆ ਗਿਆ।

ਮਿਤੀ 30 ਨਵੰਬਰ, 2016 ਨੂੰ ਕਾਲਜ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਅਤੇ ਵਿਦਿਆਰਥੀ ਭਲਾਈ ਲੜਕੀਆਂ ਵਿੰਗ ਵੱਲੋਂ ਕੈਨੇਡਾ ਵਿਖੇ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨੂੰ ਸਮਰਪਿਤ ਸ਼ਖ਼ਸੀਅਤ **ਸ. ਸੁਖਜਿੰਦਰ ਸਿੰਘ ਬਾਠ** ਦਾ **ਮੌਜੂਦਾ ਦੌਰ ਵਿਚ ਨੌਜਵਾਨਾਂ ਨੂੰ ਦਰਪੇਸ਼ ਚੁਣੌਤੀਆਂ ਅਤੇ ਸਮਾਧਾਨ** ਵਿਸ਼ੇ ’ਤੇ ਲੈਕਚਰ ਕਰਵਾਇਆ ਗਿਆ।

ਮਿਤੀ 19 ਦਸੰਬਰ, 2016 ਨੂੰ ਕਾਲਜ ਦੇ ਕੰਪਿਊਟਰ ਵਿਭਾਗ ਅਤੇ ਕੰਪਿਊਟੋਨਿਕਸ ਕਲੱਬ ਵੱਲੋਂ ਗੋਲਡਫ਼ਿੰਚ ਮੋਬਾਇਲ ਸੋਲੂਸ਼ਨਜ਼ ਦੇ ਸੀ.ਈ.ਓ. **ਨਿਊਟਨ ਬੱਬਰ** ਦਾ **ਸਾਫ਼ਟਵੇਅਰ ਡਿਵੈਲਪਮੈਂਟ ਲਾਈਫ਼ ਸਾਈਕਲ ਯੂਜ਼ਿੰਗ ਸਪਰਿੰਗ ਫ਼ਰੇਮਵਰਕ** ਵਿਸ਼ੇ ’ਤੇ ਲੈਕਚਰ ਕਰਵਾਇਆ ਗਿਆ।

ਮਿਤੀ 18 ਜਨਵਰੀ, 2017 ਨੂੰ ਪੋਸਟ ਗ੍ਰੈਜੂਏਟ ਅੰਗ੍ਰੇਜ਼ੀ ਵਿਭਾਗ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ, ਫ਼ਤਹਿਗੜ੍ਹ ਸਾਹਿਬ ਦੇ ਅੰਗ੍ਰੇਜ਼ੀ ਵਿਭਾਗ ਦੇ ਮੁਖੀ **ਡਾ. ਸਵਰਾਜ ਰਾਜ** ਦਾ **ਬਸਤੀਵਾਦ, ਉੱਤਰ ਬਸਤੀਵਾਦ ਅਤੇ ਨਵ-ਬਸਤੀਵਾਦ ’ਤੇ ਇਤਿਹਾਸਕ ਪਰਿਪੇਖ਼** ਵਿਸ਼ੇ ’ਤੇ ਲੈਕਚਰ ਕਰਵਾਇਆ ਗਿਆ।

ਮਿਤੀ 7 ਫਰਵਰੀ, 2017 ਨੂੰ ਬੀ.ਵਾਕ. ਫ਼ੂਡ ਪ੍ਰੋਸੈਸਿੰਗ ਐਂਡ ਇੰਜੀਨਿਅਰਿੰਗ ਵੱਲੋਂ ਹਿੰਦੁਸਤਾਨ ਯੂਨੀਲੀਵਰ ਰਾਜਪੁਰਾ ਦੇ ਸੀਨੀਅਰ ਕੁਆਲਿਟੀ ਕਾਰਜਕਾਰੀ **ਸ਼੍ਰੀ ਅਰਵਿੰਦ ਟੰਡਨ** ਦਾ **ਫ਼ੂਡ ਲਾਅਜ਼ ਐਂਡ ਰੈਗੂਲੇਸ਼ਨਜ਼ ਇਨ ਫ਼ੂਡ ਇਡੰਸਟਰੀ ਐਂਡ ਬੇਸਿਕ ਕੁਆਲਿਟੀ ਟੇਸਟਜ਼ ਇਨ ਫ਼ੂਡ ਇੰਡਸਟਰੀ** ਵਿਸ਼ੇ ’ਤੇ ਲੈਕਚਰ ਕਰਵਾਇਆ ਗਿਆ।

ਮਿਤੀ 9 ਫਰਵਰੀ, 2017 ਨੂੰ ਬੀ.ਵਾਕ. ਫ਼ੂਡ ਪ੍ਰੋਸੈਸਿੰਗ ਐਂਡ ਇੰਜੀਨਿਅਰਿੰਗ ਵੱਲੋਂ ਗੁਰੂ ਜੰਭੇਸ਼ਵਰ ਯੂਨੀਵਰਸਿਟੀ, ਹਿਸਾਰ ਦੇ ਚੇਅਰਮੈਨ, ਡਿਪਾਰਟਮੈਂਟ ਆਫ਼ ਫ਼ੂਡ **ਡਾ. ਭੁਪਿੰਦਰ ਸਿੰਘ ਖਟਕਰ** ਦਾ **ਰੀਸੈਂਟ ਅਡਵਾਈਸ ਇਨ ਫ਼ੂਡ ਪ੍ਰੋਸੈਸਿੰਗ ਏਰੀਆ** ਵਿਸ਼ੇ ’ਤੇ ਲੈਕਚਰ ਕਰਵਾਇਆ ਗਿਆ।

ਮਿਤੀ 15 ਫਰਵਰੀ, 2017 ਨੂੰ ਬਾਇਓਟੈਕਨਾਲੋਜੀ ਵਿਭਾਗ ਵੱਲੋਂ Environment Testing Lab and Research Centre, Panipat ਦੇ **ਡਾ. ਰਜਿੰਦਰ ਕੁਮਾਰ** ਨੇ **Applicationf of Biotechnology** ਵਿਸ਼ੇ ’ਤੇ ਅਤੇ ਥਾਪਰ ਯੂਨੀਵਰਸਿਟੀ, ਪਟਿਆਲਾ **ਡਾ. ਅਨੂਪ ਕੁਮਾਰ** ਨੇ **Designing of Fermenter** ਵਿਸ਼ੇ ’ਤੇ ਵਿਸਥਾਰ ਭਾਸ਼ਣ ਦਾ ਆਯੋਜਨ ਕੀਤਾ ਗਿਆ।

ਮਿਤੀ 26 ਫਰਵਰੀ, 2016 ਨੂੰ ਬਾਇਓਟੈਕਨਾਲੋਜੀ ਵਿਭਾਗ ਵੱਲੋਂ ਭਾਰਤ ਸਰਕਾਰ ਅਤੇ Punjab State Council for Science and Technology ਦੇ ਸਹਿਯੋਗ ਨਾਲ **Popular Priotechnology Series** ਦਾ 26 ਫਰਵਰੀ, 2016 ਨੂੰ ਆਯੋਜਨ ਕੀਤਾ ਗਿਆ, ਜਿਸ ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ **ਡਾ. ਨਵੀਨ ਗੁਪਤਾ**, ਥਾਪਰ ਯੂਨੀਵਰਸਿਟੀ ਪਟਿਆਲਾ ਤੋਂ **ਡਾ. ਦਿਨੇਸ਼ ਗੋਇਲ** ਅਤੇ **ਸ. ਗੁਰਹਰਮਿੰਦਰ ਸਿੰਘ** ਨੇ ਉਪਰੋਕਤ ਵਿਸ਼ੇ ਉੱਪਰ ਲੈਕਚਰ ਦਿੱਤੇ।

ਮਿਤੀ 29 ਮਾਰਚ, 2017 ਨੂੰ ਕਾਲਜ ਦੇ ਕੰਪਿਊਟਰ ਵਿਭਾਗ ਵੱਲੋਂ ਕੇ.ਆਰ.ਸੀ. ਗਰੁੱਪ ਪਟਿਆਲਾ ਦੇ ਡਾਇਨੈਟਿਕਸ ਔਡੀਟਰ **ਸ਼੍ਰੀ ਰਵਿੰਦਰ ਸੇਨ** ਅਤੇ **ਮੈਡਮ ਕਿਰਨ ਧੀਮਾਨ** ਦਾ **ਤਣਾਓ ਤੋਂ ਛੁਟਕਾਰਾ** ਵਿਸ਼ੇ ’ਤੇ ਲੈਕਚਰ ਕਰਵਾਇਆ ਗਿਆ।

### 17.2 ਕਾਲਜ ਦੇ ਅਧਿਆਪਕਾਂ ਦੁਆਰਾ ਬਾਹਰਲੀਆਂ ਸੰਸਥਾਵਾਂ ਵਿਚ ਦਿੱਤੇ ਗਏ ਲੈਕਚਰ

**ਡਾ. ਤਰਲੋਚਨ ਸਿੰਘ ਮਹਾਜਨ** ਨੇ ਮਿਤੀ 21 ਅਪ੍ਰੈਲ, 2016 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਹਿਗੜ੍ਹ ਸਾਹਿਬ ਵਿਖੇ ਪੰਜਾਬੀ ਵਿਭਾਗ ਵੱਲੋਂ ਆਯੋਜਿਤ ਇਕ ਰੋਜ਼ਾ ਸੈਮੀਨਾਰ/ਗੋਸ਼ਟੀ ਸਮਾਗਮ **ਪੰਜਾਬੀ ਵਿਚ ਵਿਗਿਆਨ ਦੀ ਪੜ੍ਹਾਈ** ਵਿਚ ਲੈਕਚਰ ਦਿੱਤਾ।

**ਪ੍ਰੋ. ਗੁਰਮੀਤ ਸਿੰਘ** ਨੇ ਨੇਪਾਲ (ਕਾਠਮਾਂਡੂ) ਵਿਖੇ ANMA ਕਾਨਫ਼ਰੰਸ ਦੌਰਾਨ **Complex Analysis** ਵਿਸ਼ੇ ’ਤੇ ਲੈਚਕਰ (Invited Talk) ਦਿੱਤਾ।

**ਡਾ. ਸਰਬਜੀਤ ਸਿੰਘ ਆਹਲੂਵਾਲੀਆ** ਨੇ ਮਿਤੀ 7 ਸਤੰਬਰ, 2016 ਨੂੰ ਏਸ਼ੀਅਨ ਐਜੂਕੇਸ਼ਨ ਇੰਸਟੀਚਿਊਟ, ਪਟਿਆਲਾ ਵਿਖੇ **Bioremediation** ਵਿਸ਼ੇ ’ਤੇ ਲੈਕਚਰ ਦਿੱਤਾ।

**ਪ੍ਰੋ. ਰੋਜ਼ੀ ਬਾਂਸਲ** ਨੇ ਮਿਤੀ 27 ਨਵੰਬਰ, 2016 ਨੂੰ ਏ.ਐੱਸ. ਕਾਲਜ ਫ਼ਾਰ ਵੂਮੈਨ, ਖੰਨਾ ਵਿਖੇ Career, Guidance, Enterpreneurship of Youth ਵਿਸ਼ੇ 'ਤੇ ਆਯੋਜਿਤ ਸੈਮੀਨਾਰ ਵਿਚ ਰਿਸੋਰਸ-ਪਰਸਨ ਦੇ ਤੌਰ 'ਤੇ **Skill Based Courses** ਵਿਸ਼ੇ 'ਤੇ ਲੈਕਚਰ ਦਿੱਤਾ।

ਡਾ. ਨਿਧੀ ਗੁਪਤਾ ਨੇ ਮਿਤੀ 3-6 ਅਕਤੂਬਰ, 2016 ਨੂੰ IIT, Mandi (H.P.) ਵਿਖੇ ਆਯੋਜਿਤ **International Workshop on Advanced Nanomaterials for Energy Health and Sustainabiltiy** ਵਿਚ ਲੈਕਚਰ (Invited Talk) ਦਿੱਤਾ।

## 17.3 ਕਾਲਜ ਦੇ ਅਧਿਆਪਕਾਂ ਦੁਆਰਾ ਕਾਨਫ਼ਰੰਸਾਂ/ਸੈਮੀਨਾਰਾਂ ਵਿਚ ਦਿਤੇ ਗਏ ਕੀ-ਨੋਟ ਐਡਰੈਸ, ਚੇਅਰ ਕੀਤੇ ਸੈਸ਼ਨ

**ਪ੍ਰੋ. ਗੁਰਮੀਤ ਸਿੰਘ** ਨੇ ਮਿਤੀ 13-14 ਫਰਵਰੀ 2017 ਨੂੰ ਉਦੈਪੁਰ, ਰਾਜਸਥਾਨ ਵਿਖੇ ਆਯੋਜਿਤ International Conference on Mathamatics and its applications ਵਿਚ **ਕੀ-ਨੋਟ** ਐਡਰੈਸ ਦਿੱਤਾ।

**ਡਾ. ਗੋਰਖ ਸਿੰਘ** ਨੇ ਮਿਤੀ 18 ਫਰਵਰੀ, 2016 ਨੂੰ ਐੱਸ.ਸੀ.ਡੀ. ਗੌਰਮਿੰਟ ਕਾਲਜ, ਲੁਧਿਆਣਾ ਵਿਖੇ ਸਟੇਟ ਪੱਧਰੀ ਜੌਗਰਫ਼ੀਕਲ ਕੁਇਜ਼ ਦੌਰਾਨ **ਕੀ-ਨੋਟ** ਐਡਰੈਸ ਦਿੱਤਾ।

## 18. ਸਭਿਆਚਾਰਕ ਪ੍ਰਾਪਤੀਆਂ/ਸਰਗਰਮੀਆਂ

**ਡੀਨ ਕਲਚਰਲ ਡਾ. ਹਰਵਿੰਦਰ ਕੌਰ** ਦੀ ਸੁਯੋਗ ਅਗਵਾਈ ਅਤੇ ਮਿਹਨਤ ਸਦਕਾ ਕਾਲਜ ਨੇ ਇਸ ਸੈਸ਼ਨ ਦੌਰਾਨ ਸਭਿਆਚਾਰਕ ਪ੍ਰਾਪਤੀਆਂ ਦੇ ਖ਼ੇਤਰ ਵਿਚ ਸ਼ਲਾਘਾਯੋਗ ਮੱਲ੍ਹਾਂ ਮਾਰੀਆਂ।**ਕਾਲਜ ਦੇ ਵਿਦਿਆਰਥੀਆਂ** ਦੀ **ਸਖ਼ਤ ਮਿਹਨਤ** ਅਤੇ **ਵੱਖ-ਵੱਖ ਇਵੈਂਟਸ ਦੇ ਇੰਚਾਰਜ ਅਧਿਆਪਕ ਸਾਹਿਬਾਨ** ਦੀ **ਸੁਯੋਗ ਅਗਵਾਈ** ਸਦਕਾ ਕਾਲਜ ਨੇ **ਜ਼ੋਨਲ ਯੁਵਕ ਮੇਲੇ** ਦੌਰਾਨ ਅਤੇ **ਧਾਰਮਿਕ ਯੁਵਕ ਮੇਲੇ** ਦੌਰਾਨ **ਓਵਰਆਲ ਦੂਸਰਾ ਸਥਾਨ** ਹਾਸਿਲ ਕੀਤਾ। ਇੱਥੇ ਇਹ ਵਰਣਨਯੋਗ ਹੈ ਕਿ **ਜ਼ੋਨਲ ਯੁਵਕ ਮੇਲੇ ਦੌਰਾਨ ਕਾਲਜ ਨੇ ਲਗਾਤਾਰ ਸੱਤਵੀਂ ਵਾਰ ਓਵਰਆਲ ਦੂਸਰਾ ਸਥਾਨ ਹਾਸਿਲ** ਕੀਤਾ ਹੈ। ਕਾਲਜ ਦੀਆਂ ਇਸ ਸੈਸ਼ਨ ਦੀਆਂ ਸਭਿਆਚਾਰਕ ਪ੍ਰਾਪਤੀਆਂ ਦਾ ਵੇਰਵਾ ਇਸ ਪ੍ਰਕਾਰ ਹੈ:

### 18.1 ਜ਼ੋਨਲ ਯੁਵਕ ਮੇਲਾ

ਕਾਲਜ ਨੇ ਮਿਤੀ 7-8-9 ਅਕਤੂਬਰ, 2016 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਜ਼ੋਨਲ ਯੁਵਕ ਮੇਲੇ ਦੌਰਾਨ ਕੁਇਜ਼, ਵੈਸਟਰਨ ਸੋਲੋ, ਵੈਸਟਰਨ ਸੋਲੋ ਸਾਜ਼, ਵੈਸਟਰਨ ਗਰੁੱਪ ਸਾਂਗ ਅਤੇ ਨਾਟਕ ਵਿਚ ਪਹਿਲਾ ਸਥਾਨ ਹਾਸਿਲ ਕੀਤਾ। ਕਾਲਜ ਨੇ ਕਲਾਸੀਕਲ ਡਾਂਸ, ਕਲਾਸੀਕਲ ਵੋਕਲ, ਭਾਰਤੀ ਸਮੂਹ ਗੀਤ, ਰੰਗੋਲੀ, ਪ੍ਰਕੱਸ਼ਨ, ਡਿਬੇਟ, ਐਲੋਕਿਊਸ਼ਨ, ਫ਼ੋਟੋਗ੍ਰਾਫ਼ੀ ਅਤੇ ਭੰਗੜੇ ਵਿਚ ਦੂਸਰਾ ਸਥਾਨ; ਲੋਕ-ਸੰਗੀਤ, ਫ਼ੋਕ-ਆਰਕੈਸਟਰਾ, ਕਲੇਅ ਮਾਡਲਿੰਗ ਅਤੇ ਨਾਨ-ਪ੍ਰਕੱਸ਼ਨ ਵਿਚ ਤੀਸਰਾ ਸਥਾਨ; ਗਿੱਧਾ, ਗੀਤ, ਗ਼ਜ਼ਲ, ਮੌਕੇ 'ਤੇ ਚਿੱਤਰਕਾਰੀ ਅਤੇ ਮਾਈਮ ਵਿਚ ਚੌਥਾ ਸਥਾਨ ਹਾਸਿਲ ਕੀਤਾ।

### 18.2 ਅੰਤਰ-ਜ਼ੋਨਲ ਯੁਵਕ ਮੇਲਾ

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਮਿਤੀ 24-25-26 ਅਕਤੂਬਰ, 2016 ਨੂੰ ਹੋਏ ਅੰਤਰ-ਜ਼ੋਨਲ ਯੁਵਕ ਮੇਲੇ ਦੌਰਾਨ ਕਾਲਜ ਨੇ ਐਲੋਕਿਊਸ਼ਨ, ਭੰਗੜਾ, ਵੈਸਟਰਨ ਸੋਲੋ ਵਿਚ ਕਾਲਜ ਨੇ ਪਹਿਲਾ ਸਥਾਨ; ਕਲਾਸੀਕਲ ਡਾਂਸ, ਵੈਸਟਰਨ ਸੋਲੋ, ਵੈਸਟਰਨ ਗਰੁੱਪ ਸਾਂਗ ਅਤੇ ਪ੍ਰਕੱਸ਼ਨ ਵਿਚ ਦੂਸਰਾ ਸਥਾਨ ਅਤੇ ਡਿਬੇਟ ਵਿਚ ਚੌਥਾ ਸਥਾਨ ਹਾਸਿਲ ਕੀਤਾ।

ਇੱਥੇ ਇਹ ਵਰਣਨਯੋਗ ਹੈ ਕਿ ਕਾਲਜ ਦਾ ਭੰਗੜਾ ਕਲਾਕਾਰ ਦਲਬੀਰ ਸਿੰਘ ਅੰਤਰ-ਜ਼ੋਨਲ ਯੁਵਕ ਮੇਲੇ ਦੌਰਾਨ ਬੈੱਸਟ ਡਾਂਸਰ ਇਨ ਭੰਗੜਾ ਐਲਾਨਿਆ ਗਿਆ।

### 18.3 ਅੰਤਰ-ਜ਼ੋਨਲ ਲੋਕ-ਮੇਲਾ

ਮਿਤੀ 27-28 ਫਰਵਰੀ, 2017 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਤਰ-ਖ਼ੇਤਰੀ ਲੋਕ-ਮੇਲੇ ਦੌਰਾਨ ਕਾਲਜ ਨੇ ਰੱਸਾ ਵਟਾਈ ਵਿਚ ਪਹਿਲਾ ਸਥਾਨ; ਕਲੀ ਗਾਇਨ, ਭੰਡ ਅਤੇ ਕਿਰੋਸ਼ਿਆ ਵਿਚ ਦੂਸਰਾ ਸਥਾਨ; ਕਢਾਈ, ਨੁੱਕੜ ਨਾਟਕ, ਝੂੰਮਰ ਤੇ ਮਲਵਈ ਗਿੱਧਾ ਵਿਚ ਤੀਸਰਾ ਸਥਾਨ ਹਾਸਿਲ ਕੀਤਾ।

**18.4 ਧਾਰਮਿਕ ਯੁਵਕ ਮੇਲਾ**

ਖ਼ਾਲਸਾ ਕਾਲਜ ਗੜ੍ਹਦੀਵਾਲ ਵਿਖੇ ਹੋਏ ਧਾਰਮਿਕ ਯੁਵਕ ਮੇਲੇ ਦੌਰਾਨ ਕਾਲਜ ਨੇ ਤਬਲਾ, ਧਾਰਮਿਕ ਨਾਟਕ ਅਤੇ ਦਸਤਾਰਬੰਦੀ ਵਿਚ ਪਹਿਲਾ ਸਥਾਨ; ਕਲੀ ਗਾਇਨ, ਸਿੱਖ ਰਵਾਇਤੀ ਪਹਿਰਾਵਾ (ਲੜਕੀਆਂ) ਵਿਚ ਦੂਸਰਾ ਸਥਾਨ; ਸਲੋਗਨ ਲੇਖਨ, ਗਰੁੱਪ ਸ਼ਬਦ, ਕਵੀਸ਼ਰੀ ਅਤੇ ਧਾਰਮਿਕ ਸੰਗੀਤ ਵਿਚ ਤੀਸਰਾ ਸਥਾਨ ਹਾਸਿਲ ਕੀਤਾ।

**18.5 ਪੰਜਾਬ ਸਟੇਟ ਅੰਤਰ-ਵਰਸਿਟੀ ਯੂਥ ਫੈਸਟੀਵਲ**

ਪੰਜਾਬ ਸਟੇਟ ਅੰਤਰ-ਵਰਸਿਟੀ ਯੂਥ ਫੈਸਟੀਵਲ, ਜਿਹੜਾ ਕਿ ਮਿਤੀ 27-28 ਫਰਵਰੀ, 2017 ਨੂੰ ਹੋਇਆ, ਵਿਚ ਕਾਲਜ ਨੇ ਭੰਗੜਾ ਅਤੇ ਤਬਲਾ ਵਿਚ ਪਹਿਲਾ ਸਥਾਨ ਅਤੇ ਕੋਲਾਜ ਮੇਕਿੰਗ ਵਿਚ ਦੂਸਰਾ ਸਥਾਨ ਹਾਸਿਲ ਕੀਤਾ।

**18.6 ਲੋਹੜੀ ਦਾ ਤਿਉਹਾਰ**

ਮਿਤੀ 13 ਜਨਵਰੀ 2016 ਨੂੰ ਕਾਲਜ ਦੇ ਸਮੂਹ ਵਿਦਿਆਰਥੀਆਂ ਅਤੇ ਅਧਿਆਪਕਾਂ ਦੁਆਰਾ ਲੋਹੜੀ ਦਾ ਤਿਉਹਾਰ ਮਨਾਇਆ ਗਿਆ।

**19. ਐੱਨ.ਸੀ.ਸੀ.**

**19.1 ਐੱਨ.ਸੀ.ਸੀ. ਏਅਰ ਵਿੰਗ**

**ਸਕੁਆਰਡਨ ਲੀਡਰ ਡਾ. ਗੁਰਮੀਤ ਸਿੰਘ** ਦੀ ਸੁਯੋਗ ਅਗਵਾਈ ਅਧੀਨ ਏਅਰ ਵਿੰਗ ਦੇ ਚਾਰ ਕੈਡਿਟਜ਼ ਨੇ ਰੋਪੜ ਵਿਖੇ Pre VSC ਕੈਂਪ ਲਗਾਇਆ ਅਤੇ ਦੋ ਕੈਡਿਟਜ਼ PRDC ਲਈ ਚੁਣੇ ਗਏ। **ਕੈਡਿਟ ਦਮਨੀਤ ਕੌਰ** ਨੇ ਦਿੱਲੀ ਜਨਪਥ ਵਿਖੇ RDC ਪਰੇਡ ਵਿਚ ਭਾਗ ਲਿਆ। ਇੱਥੇ ਇਹ ਸ਼ਲਾਘਾਯੋਗ ਹੈ ਕਿ ਇਸ ਕੈਡਿਟ ਨੂੰ **ਆਲ ਇੰਡੀਆ ਬੈੱਸਟ ਏਅਰ ਵਿੰਗ ਕੈਡਿਟ** ਵਜੋਂ ਸਨਮਾਨਿਤ ਕੀਤਾ ਗਿਆ।

**19.2 ਐੱਨ.ਸੀ.ਸੀ. ਆਰਮੀ ਵਿੰਗ**

ਐੱਨ.ਸੀ.ਸੀ. ਅਫ਼ਸਰ **ਡਾ. ਨਿਸ਼ਾਨ ਸਿੰਘ** ਦੀ ਦੇਖ-ਰੇਖ ਹੇਠ ਇਸ ਸੈਸ਼ਨ ਦੌਰਾਨ ਆਰਮੀ ਵਿੰਗ ਵਿਚ **55 ਕੈਡੇਟਸ** (37 ਲੜਕੇ ਅਤੇ 18 ਲੜਕੀਆਂ) **ਭਰਤੀ ਕੀਤੇ** ਗਏ। ਕਾਲਜ ਦੇ 17 ਕੈਡੇਟਸ ਨੇ ਆਜ਼ਾਦੀ ਦਿਵਸ ਸਮਾਰੋਹ ਵਿਚ, 22 ਕੈਡੇਟਸ ਨੇ ਰੋਪੜ ਵਿਖੇ ਲੱਗੇ ਏ.ਟੀ.ਸੀ. ਕੈਂਪ, 3 ਕੈਡੇਟਸ ਨੇ ਕੇਰਲਾ ਵਿਖੇ ਲੱਗੇ ਐੱਨ.ਆਈ.ਐੱਸ. ਕੈਂਪ, 2 ਕੈਡੇਟਸ ਨੇ ਦਿੱਲੀ ਵਿਖੇ ਲੱਗੇ ਟੀ.ਐੱਸ.ਸੀ. ਕੈਂਪ, 10 ਕੈਡੇਟਸ ਨੇ ਰੋਪੜ ਵਿਖੇ ਲੱਗੇ ਸੀ.ਏ.ਟੀ.ਸੀ. ਕੈਂਪ ਅਤੇ 3 ਕੈਡੇਟਸ ਨੇ ਮਲੋਟ ਵਿਖੇ ਲੱਗੇ ਬੀ.ਐੱਲ.ਸੀ. ਕੈਂਪ ਵਿਚ ਭਾਗ ਲਿਆ। ਕਾਲਜ ਦੇ 7 ਕੈਡੇਟਸ ਨੇ **ਆਰਮੀ ਹੈੱਡ ਕੁਆਟਰ ਦੁਆਰਾ ਕਰਵਾਇਆ ਗਈਆਂ ਨੈਸ਼ਨਲ ਗੇਮਜ਼ (ਹੈਂਡਬਾਲ)** ਵਿਚ **ਗੋਲਡ ਮੈਡਲ** ਅਤੇ **ਓਵਰਆਲ ਟਰਾਫ਼ੀ** ਪ੍ਰਾਪਤ ਕੀਤੀ। ਕਾਲਜ ਦੇ 21 ਕੈਡੇਟਸ ਨੇ ਗਣਤੰਤਰ ਦਿਵਸ ਦੀ ਪਰੇਡ ਵਿਚ ਭਾਗ ਲਿਆ। ਇਸ ਤੋਂ ਇਲਾਵਾ ਕਾਲਜ ਦੇ ਵਿਦਿਆਰਥੀਆਂ ਨੇ ਪੋਲੀਓ ਅਭਿਆਨ, ਸੜਕ ਸੁਰੱਖਿਆ ਸਪਤਾਹ, ਸਵੱਛ ਭਾਰਤ ਮੁਹਿੰਮ, ਖ਼ੂਨਦਾਨ ਕੈਂਪ, ਐੱਨ.ਸੀ.ਸੀ. ਡੇਅ, ਅਤੇ ਰੁੱਖ ਲਗਾਉਣ ਦੀ ਮੁਹਿੰਮ ਵਿਚ ਭਾਗ ਲਿਆ।

**20. ਐੱਨ.ਐੱਸ.ਐੱਸ**

ਐੱਨ.ਐੱਸ.ਐੱਸ. ਵਿਭਾਗ ਦੇ **ਕੋ-ਆਰਡੀਨੇਟਰ ਡਾ. ਗਗਨਦੀਪ ਸਿੰਘ** ਦੀ ਅਗਵਾਈ ਅਧੀਨ ਇਸ ਸੈਸ਼ਨ ਦੌਰਾਨ ਦਸੰਬਰ 2016 ਵਿਚ ਇਕ **ਸੱਤ ਰੋਜ਼ਾ ਐੱਨ.ਐੱਸ.ਐੱਸ ਕੈਂਪ** ਲਗਾਇਆ ਗਿਆ। ਇਸ ਕੈਂਪ ਦੌਰਾਨ ਰੈੱਡ ਕਰਾਸ ਸੁਸਾਇਟੀ ਦੇ ਅਫ਼ਸਰ **ਸ਼੍ਰੀ ਕਾਕਾ ਰਾਮ ਵਰਮਾ** ਨੇ ਵਿਦਿਆਰਥੀਆਂ ਨੂੰ ਮੁੱਢਲੀ ਸਹਾਇਤਾ ਸਬੰਧੀ ਜਾਣਕਾਰੀ ਦਿੱਤੀ। ਇੰਚਾਰਜ ਮੋਬਾਇਲ ਟ੍ਰੈਫ਼ਿਕ ਪਟਿਆਲਾ ਰੇਂਜ **ਇੰਸਪੈਕਟਰ ਸ. ਹਰਦੀਪ ਸਿੰਘ ਬਡੂੰਗਰ** ਨੇ ਵਿਦਿਆਰਥੀਆਂ ਨੂੰ ਟ੍ਰੈਫ਼ਿਕ ਨਿਯਮਾਂ ਦੀ ਮਹੱਤਤਾ ਤੋਂ ਜਾਣੂ ਕਰਵਾਇਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐੱਨ.ਐੱਸ.ਐੱਸ. ਵਿੰਗ ਦੇ ਕੋ-ਆਰਡੀਨੇਟਰ **ਡਾ. ਪਰਮਵੀਰ ਸਿੰਘ** ਨੇ ਐੱਨ.ਐੱਸ.ਐੱਸ. ਦੇ ਮਹੱਤਵ ਅਤੇ **ਗੁਰਜਾਪ ਸਿੰਘ** ਨੇ ਟ੍ਰੈਫ਼ਿਕ ਚਿੰਨ੍ਹਾਂ ਸਬੰਧੀ ਜਾਣਕਾਰੀ ਦਿੱਤੀ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਭਾਈ ਗੁਰਦਾਸ ਚੇਅਰ ਦੇ ਚੇਅਰਪਰਸਨ **ਡਾ. ਸਰਬਜਿੰਦਰ ਸਿੰਘ** ਨੇ ਵਿਦਿਆਰਥੀਆਂ ਨੂੰ ਹੱਥੀਂ ਕਿਰਤ ਕਰਣ ਸਬੰਧੀ ਪ੍ਰੇਰਿਤ ਕੀਤਾ।

**21. ਖ਼ੂਨਦਾਨ ਕੈਂਪ**

ਮਿਤੀ 8 ਨਵੰਬਰ, 2016 ਨੂੰ ਕਾਲਜ ਦੇ ਐੱਨ.ਐੱਸ.ਐੱਸ. ਵਿੰਗ, ਵਿਦਿਆਰਥੀ ਭਲਾਈ ਕਮੇਟੀ ਅਤੇ ਦੀਨ ਦਿਆਲ ਉਪਾਧਿਆਇ ਕੌਸ਼ਲ ਕੇਂਦਰ ਵੱਲੋਂ ਵਿਦਿਆਰਥੀਆਂ ਵਿਚ ਸਮਾਜ ਭਲਾਈ ਦੀ ਭਾਵਨਾ ਪੈਦਾ ਕਰਨ ਲਈ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸਦਾ ਉਦਘਾਟਨ **ਸ. ਇੰਦਰਮੋਹਨ ਸਿੰਘ ਬਜਾਜ**, ਐਡੀਸ਼ਨਲ ਆਨਰੇਰੀ ਸਕੱਤਰ, ਕਾਲਜ ਗਵਰਨਿੰਗ ਕਾਊਂਸਿਲ ਨੇ ਕੀਤਾ।

## 22. ਕਾਲਜ ਵੱਲੋਂ ਇਸ ਸੈਸ਼ਨ ਦੌਰਾਨ ਮਨਾਏ ਗਏ ਖ਼ਾਸ ਦਿਵਸ/ਮੁਹਿੰਮ/ਪ੍ਰੋਗਰਾਮ/ਸਮਾਰੋਹ

### 22.1 ਇੰਟਰਨੈਸ਼ਨਲ ਡੇਅ ਫ਼ਾਰ ਬਾਇਓਲੌਜੀਕਲ ਡਾਇਵਰਸਿਟੀ

ਮਿਤੀ 31 ਮਈ, 2016 ਨੂੰ ਕਾਲਜ ਦੇ ਪੋਸਟ ਗ੍ਰੈਜੂਏਟ ਖੇਤੀਬਾੜੀ ਵਿਭਾਗ ਵੱਲੋਂ ਇੰਟਰਨੈਸ਼ਨਲ ਡੇਅ ਫ਼ਾਰ ਬਾਇਓਲੌਜੀਕਲ ਡਾਇਵਰਸਿਟੀ 2016 ਨੂੰ ਸਮਰਪਿਤ **ਮੇਨ ਸਟ੍ਰੀਮਿੰਗ ਬਾਇਓਡਾਇਵਰਸਿਟੀ ਸਸਟੇਨਿੰਗ ਪੀਪਲ ਐਂਡ ਦੇਅਰ ਲਾਇਵਲੀਹੁੱਡ** ਵਿਸ਼ੇ 'ਤੇ **ਇਕ ਰੋਜ਼ਾ ਸੈਮੀਨਾਰ** ਦਾ ਆਯੋਜਨ ਕੀਤਾ ਗਿਆ। ਇਹ ਸੈਮੀਨਾਰ ਨੈਸ਼ਨਲ ਬਾਇਓਡਾਇਵਰਸਿਟੀ ਅਥਾਰਟੀ ਗੌਰਮਿੰਟ ਆਫ਼ ਇੰਡੀਆ ਅਤੇ ਪੰਜਾਬ ਬਾਇਓਡਾਇਵਰਸਿਟੀ ਬੋਰਡ ਦੁਆਰਾ ਸਪਾਂਸਰ ਕੀਤਾ ਗਿਆ। ਕਾਨਫ਼ਰੰਸ ਦੌਰਾਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਬਨਸਪਤੀ ਵਿਗਿਆਨ ਵਿਭਾਗ ਦੇ **ਪ੍ਰੋ. ਡਾ. ਆਰ.ਪੀ. ਗੁਪਤਾ** ਅਤੇ **ਡਾ. ਐੱਨ.ਐੱਸ. ਅੱਤਰੀ** ਨੇ ਭਾਵਪੂਰਤ ਵਿਚਾਰ ਦਿੱਤੇ। ਇਸ ਸੈਮੀਨਾਰ ਦੇ **ਕੋ-ਆਰਡੀਨੇਟਰ** ਪੋਸਟ ਗ੍ਰੈਜੂਏਟ ਖੇਤੀਬਾੜੀ ਵਿਭਾਗ ਦੇ ਮੁਖੀ **ਪ੍ਰੋ. ਰਾਜਦੀਪ ਸਿੰਘ ਧਾਲੀਵਾਲ** ਸਨ।

### 22.2 ਸਥਾਪਨਾ ਦਿਵਸ

ਮਿਤੀ 18 ਜੁਲਾਈ, 2016 ਨੂੰ ਕਾਲਜ ਦਾ 57ਵਾਂ ਸਥਾਪਨਾ ਦਿਵਸ ਮਨਾਇਆ ਗਿਆ।

### 22.3 ਭਾਈ ਘਨਈਆ ਜੀ ਦਿਵਸ

ਮਿਤੀ 20 ਸਤੰਬਰ, 2016 ਨੂੰ ਕਾਲਜ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਜੀ ਵੱਲੋਂ ਭਾਈ ਘਨਈਆ ਜੀ ਦੀ ਯਾਦ ਵਿਚ ਕਰਵਾਏ ਜਾ ਰਹੇ ਵਿਸ਼ੇਸ਼ ਪ੍ਰੋਗਰਾਮਾਂ ਤਹਿਤ ਕਾਲਜ ਵਿਖੇ ਪੰਜਾਬੀ ਵਿਭਾਗ ਦੇ ਡਾ. ਦਵਿੰਦਰ ਸਿੰਘ ਦੇ ਉਪਰਾਲੇ ਸਦਕਾ, ਭਾਈ ਘਨਈਆ ਜੀ ਦਿਵਸ ਮਨਾਇਆ ਗਿਆ, ਜਿਸ ਦੌਰਾਨ ਕਾਲਜ ਦੇ ਧਰਮ ਵਿਭਾਗ ਦੇ ਪ੍ਰੋ. ਗੁਰਵੀਰ ਸਿੰਘ ਨੇ ਵਿਦਿਆਰਥੀਆਂ ਨੂੰ ਭਾਈ ਘਨਈਆ ਜੀ ਦੇ ਜੀਵਨ ਸਬੰਧੀ ਜਾਣਕਾਰੀ ਦਿੱਤੀ।

### 22.4 ਵੋਟ ਦੇ ਅਧਿਕਾਰਾਂ ਪ੍ਰਤੀ ਜਾਗਰੂਕਤਾ ਪ੍ਰੋਗਰਾਮ

ਮਿਤੀ 21 ਸਤੰਬਰ, 2016 ਨੂੰ ਕਾਲਜ ਵੱਲੋਂ ਚੋਣ ਕਮਿਸ਼ਨ ਭਾਰਤ ਸਰਕਾਰ ਅਤੇ ਜ਼ਿਲ੍ਹਾ ਚੋਣ ਅਫ਼ਸਰ ਪਟਿਆਲਾ ਦੀਆਂ ਹਦਾਇਤਾਂ ਮੁਤਾਬਿਕ, ਨੋਡਲ ਅਫ਼ਸਰ ਅਤੇ ਰਾਜਨੀਤੀ ਵਿਗਿਆਨ ਵਿਭਾਗ ਦੇ ਮੁਖੀ ਡਾ. ਜਗਤਾਰ ਸਿੰਘ ਦੇ ਯਤਨਾਂ ਸਦਕਾ, ਕਾਲਜ ਦੇ ਵਿਦਿਆਰਥੀਆਂ ਨੂੰ ਵੋਟ ਦੇ ਅਧਿਕਾਰਾਂ ਪ੍ਰਤੀ ਜਾਗਰੂਕ ਕਰਨ ਲਈ ਇਕ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਅਤੇ ਵੋਟ ਦੇ ਅਧਿਕਾਰਾਂ ਦੀ ਸਹੀ ਵਰਤੋਂ ਕਰਨ ਦੀ ਸਹੁੰ ਚੁਕਾਈ ਗਈ।

### 22.5 ਅੰਤਰਰਾਸ਼ਟਰੀ ਗ਼ਰੀਬੀ ਹਟਾਓ ਦਿਵਸ ਅਤੇ ਵਿਸ਼ਵ ਭੋਜਨ ਦਿਵਸ

ਮਿਤੀ 18 ਅਕਤੂਬਰ, 2016 ਨੂੰ ਕਾਲਜ ਦੇ ਸਕੂਲ ਆਫ਼ ਸੋਸ਼ਲ ਸਾਇੰਸਿਜ਼ ਵੱਲੋਂ ਵਿਸ਼ਵ ਭੋਜਨ ਦਿਵਸ ਅਤੇ ਅੰਤਰਰਾਸ਼ਟਰੀ ਗ਼ਰੀਬੀ ਹਟਾਓ ਦਿਵਸ ਨੂੰ ਸਮਰਪਿਤ 'ਸਭ ਲਈ ਭੋਜਨ' ਵਿਸ਼ੇ 'ਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਖੁੱਲ੍ਹੀ ਵਿਚਾਰ-ਚਰਚਾ ਕਰਵਾਈ ਗਈ।

### 22.6 ਪੰਜਾਬੀ ਸੂਬੇ ਦੀ ਗੋਲਡਨ ਜੁਬਲੀ ਨੂੰ ਸਮਰਪਿਤ ਸਾਹਿਤਕ ਅਤੇ ਸਭਿਆਚਾਰਕ ਸਮਾਗਮ

ਮਿਤੀ 1 ਨਵੰਬਰ, 2016 ਨੂੰ ਪੰਜਾਬੀ ਸੂਬੇ ਦੀ ਗੋਲਡਨ ਜੁਬਲੀ ਨੂੰ ਸਮਰਪਿਤ ਸਾਹਿਤਕ ਅਤੇ ਸਭਿਆਚਾਰਕ ਸ਼ਾਮ ਮਨਾਈ ਗਈ, ਜਿਸ ਦੌਰਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਯੂਥ ਵੈਲਫ਼ੇਅਰ ਵਿਭਾਗ ਦੇ ਸਾਬਕਾ ਡਾਇਰੈਕਟਰ ਡਾ. ਸਤੀਸ਼ ਕੁਮਾਰ ਵਰਮਾ ਅਤੇ ਸਥਾਨਕ ਕਾਲਜ ਦੇ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ, ਪੰਜਾਬੀ ਵਿਭਾਗ ਦੇ ਤਤਕਾਲੀਨ ਮੁਖੀ ਅਤੇ ਡੀਨ ਭਲਾਈ ਕਮੇਟੀ ਲੜਕੀਆਂ ਡਾ. ਗੁਰਦੀਸ਼ ਕੌਰ ਨੇ 'ਪੰਜਾਬੀ ਵਿਰਸੇ ਅਤੇ ਸਭਿਆਚਾਰ' ਸਬੰਧੀ ਵਿਚਾਰ-ਚਰਚਾ ਕੀਤੀ।

### 22.7 ਰਾਸ਼ਟਰੀ ਏਕਤਾ ਸਪਤਾਹ

ਮਿਤੀ 4 ਨਵੰਬਰ, 2016 ਨੂੰ ਕਾਲਜ ਵੱਲੋਂ ਭਾਰਤ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਰਾਸ਼ਟਰੀ ਏਕਤਾ ਸਪਤਾਹ ਮੁਹਿੰਮ ਦੇ ਹਿੱਸੇ ਵਜੋਂ ਸ. ਵੱਲਭ ਭਾਈ ਪਟੇਲ ਦੀ ਯਾਦ ਨੂੰ ਤਾਜ਼ਾ ਕਰਨ ਹਿੱਤ, ਡੀਨ ਸਟੂਡੈਂਟਸ ਵੈੱਲਫ਼ੇਅਰ ਡਾ. ਅਜੀਤ ਸਿੰਘ ਦੇ ਯਤਨਾਂ ਸਦਕਾ, ਰਾਸ਼ਟਰੀ ਏਕਤਾ ਦਿਵਸ ਮਨਾਇਆ ਗਿਆ। ਇਸ ਦੌਰਾਨ ਵਿਦਿਆਰਥੀਆਂ ਦੇ ਲੇਖ ਲਿਖਣ, ਭਾਸ਼ਣ ਕਲਾ, ਪੇਪਰ ਪ੍ਰਸਤੁਤੀ ਅਤੇ ਸਲੋਗਨ ਲਿਖਣ ਮੁਕਾਬਲੇ ਕਰਵਾਏ ਗਏ।

**22.8 ਰਾਸ਼ਟਰੀ ਸਿੱਖਿਆ ਦਿਵਸ**

ਮਿਤੀ 11 ਨਵੰਬਰ, 2016 ਨੂੰ ਕਾਲਜ ਵੱਲੋਂ ਯੂ.ਜੀ.ਸੀ. ਦੀਆਂ ਹਦਾਇਤਾਂ ਮੁਤਾਬਿਕ ਮੌਲਾਨਾ ਅਬੁਲ ਕਲਾਮ ਅਜ਼ਾਦ ਦੇ ਜਨਮ-ਦਿਵਸ ਨੂੰ ਸਮਰਪਿਤ ਰਾਸ਼ਟਰੀ ਸਿੱਖਿਆ ਦਿਵਸ ਮਨਾਇਆ ਗਿਆ, ਜਿਸ ਦੌਰਾਨ ਸਥਾਨਕ ਕਾਲਜ ਦੇ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ ਨੇ ਅਧਿਆਪਕਾਂ ਨੂੰ '21ਵੀਂ ਸਦੀ ਵਿਚ ਸਿੱਖਿਆ ਦੇ ਖ਼ੇਤਰ ਵਿਚ ਉੱਭਰ ਰਹੀਆਂ ਚੁਣੌਤੀਆਂ' ਵਿਸ਼ੇ 'ਤੇ ਲੈਕਚਰ ਦਿੱਤਾ।

**22.9 ਸਨਮਾਨ ਸਮਾਰੋਹ ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਮਿਤੀ 21 ਨਵੰਬਰ, 2016 ਨੂੰ ਕਾਲਜ ਵੱਲੋਂ ਪ੍ਰੋ. ਕਿਰਪਾਲ ਸਿੰਘ ਬਡੂੰਗਰ ਜੀ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ ਬਣਨ ਦੀ ਖ਼ੁਸ਼ੀ ਵਿਚ ਸਨਮਾਨ ਸਮਾਗਮ ਦਾ ਆਯੋਜਨ ਕੀਤਾ ਗਿਆ।

**22.10 ਸੰਵਿਧਾਨ ਦਿਵਸ**

ਮਿਤੀ 26 ਨਵੰਬਰ, 2016 ਨੂੰ, ਯੂ.ਜੀ.ਸੀ - ਨਵੀਂ ਦਿੱਲੀ ਤੋਂ ਪ੍ਰਾਪਤ ਹੋਈਆਂ ਹਦਾਇਤਾਂ ਮੁਤਾਬਿਕ, ਕਾਲਜ ਦੇ ਪੋਸਟ ਗ੍ਰੈਜੂਏਟ ਰਾਜਨੀਤੀ ਵਿਭਾਗ ਅਤੇ ਐੱਨ.ਐੱਸ.ਐੱਸ. ਵਿੰਗ ਵੱਲੋਂ ਸੰਵਿਧਾਨ ਦਿਵਸ ਮਨਾਇਆ ਗਿਆ ਅਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਣ ਦੀ ਸਹੁੰ ਵੀ ਚੁਕਾਈ ਗਈ।

**22.11 ਵਰਲਡ ਏਡਜ਼ ਦਿਵਸ**

ਮਿਤੀ 2 ਦਸੰਬਰ, 2016 ਨੂੰ ਕਾਲਜ ਵੱਲੋਂ ਐੱਨ.ਐੱਸ.ਐੱਸ. ਪ੍ਰੋਗਰਾਮ ਦੇ ਕੋ-ਆਰਡੀਨੇਟਰ ਡਾ. ਗਗਨਦੀਪ ਸਿੰਘ ਦੀ ਅਗਵਾਈ ਅਧੀਨ ਕਾਲਜ ਵਿਖੇ ਵਰਲਡ ਏਡਜ਼ ਦਿਵਸ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਦੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ ਅਤੇ ਏਡਜ਼ ਸਬੰਧੀ ਜਾਗਰੂਕ ਕਰਨ ਲਈ ਇਕ ਪੋਸਟਰ ਪ੍ਰਦਰਸ਼ਨੀ ਵੀ ਲਗਾਈ ਗਈ।

**22.12 ਗੁਰਬਾਣੀ ਦਿਵਸ**

ਮਿਤੀ 22 ਦਸੰਬਰ, 2016 ਨੂੰ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਅਤੇ ਚਮਕੌਰ ਸਾਹਿਬ ਦੇ ਸ਼ਹੀਦਾਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੁਆਰਾ ਉਲੀਕੀ ਗਈ ਮੁਹਿੰਮ ਤਹਿਤ ਮੋਤੀ ਬਾਗ਼ ਗੁਰਦੁਆਰਾ ਸਾਹਿਬ ਵਿਖੇ ਗੁਰਬਾਣੀ ਦਿਵਸ ਮਨਾਇਆ ਗਿਆ। ਜਿਸ ਵਿਚ ਕਾਲਜ ਦੇ ਬਹੁਗਿਣਤੀ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਭਾਗ ਲਿਆ।

**22.13 ਵੋਟਰ ਜਾਗਰੂਕਤਾ ਪ੍ਰੋਗਰਾਮ**

ਮਿਤੀ 18 ਜਨਵਰੀ, 2017 ਨੂੰ ਕਾਲਜ ਵੱਲੋਂ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਵੋਟਰਾਂ ਵਿਚ ਜਾਗਰੂਕਤਾ ਪੈਦਾ ਕਰਨ ਲਈ, ਕਾਲਜ ਦੇ ਨੋਡਲ ਅਫ਼ਸਰ ਅਤੇ ਰਾਜਨੀਤੀ ਵਿਗਿਆਨ ਵਿਭਾਗ ਦੇ ਮੁਖੀ ਡਾ. ਜਗਤਾਰ ਸਿੰਘ ਦੇ ਯਤਨਾਂ ਸਦਕਾ, ਸਵੀਪ ਦਿਵਸ ਮਨਾਇਆ ਗਿਆ।

**22.14 ਵੋਟਰ ਦਿਵਸ**

ਮਿਤੀ 25 ਜਨਵਰੀ, 2017 ਨੂੰ ਕਾਲਜ ਵੱਲੋਂ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਤਹਿਤ ਰਾਸ਼ਟਰੀ ਵੋਟਰ ਦਿਵਸ ਮਨਾਇਆ ਗਿਆ ਅਤੇ ਕਾਲਜ ਦੇ ਸਮੂਹ ਵਿਭਾਗਾਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਭਾਰਤ ਦੇ ਲੋਕਤੰਤਰੀ ਢਾਂਚੇ ਦੇ ਵਿਸ਼ਵਾਸਪਾਤਰ ਨਾਗਰਿਕ ਹੋਣ ਦੇ ਨਾਤੇ ਸ਼ੁੱਧ ਅਤੇ ਸ਼ਾਂਤੀਪੂਰਵਕ ਢੰਗ ਨਾਲ ਚੋਣ ਪ੍ਰਣਾਲੀ ਦੀ ਪਰੰਪਰਾ ਨੂੰ ਅਪਨਾਉਣ ਦੀ ਸਹੁੰ ਚੁੱਕੀ।

**22.15 ਵਿਸ਼ਵ ਮਾਂ-ਬੋਲੀ ਦਿਵਸ**

ਮਿਤੀ 21 ਫਰਵਰੀ, 2017 ਨੂੰ ਕਾਲਜ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਪਰਮਜੀਤ ਕੌਰ ਦੇ ਯਤਨਾਂ ਸਦਕਾ, ਵਿਸ਼ਵ ਮਾਂ-ਬੋਲੀ ਦਿਵਸ ਦੇ ਮੌਕੇ 'ਤੇ 'ਸਾਡੀ ਬੋਲੀ, ਸਾਡਾ ਮਾਣ' ਸਮਾਗਮ ਕਰਵਾਇਆ ਗਿਆ, ਜਿਸ ਦੌਰਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਦੇ ਪ੍ਰੋਫ਼ੈਸਰ ਡਾ. ਸਤੀਸ਼ ਕੁਮਾਰ ਵਰਮਾ ਅਤੇ ਕੈਨੇਡਾ ਤੋਂ ਆਏ ਸ. ਅਜਾਇਬ ਸਿੰਘ ਚੱਠਾ ਨੇ ਮਾਂ-ਬੋਲੀ ਦੀ ਮਹੱਤਤਾ ਸਬੰਧੀ ਜਾਣਕਾਰੀ ਪ੍ਰਦਾਨ ਕੀਤੀ।

**22.16 ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ ਗੁਰਤਾ-ਗੱਦੀ ਦਿਵਸ**

ਮਿਤੀ 26 ਮਾਰਚ, 2017 ਨੂੰ ਕਾਲਜ ਵੱਲੋਂ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਗੁਰਤਾ-ਗੱਦੀ ਦਿਵਸ ਨੂੰ ਕਾਲਜ ਦੇ ਪੋਸਟ ਗ੍ਰੈਜੂਏਟ ਖੇਤੀਬਾੜੀ ਵਿਭਾਗ ਵੱਲੋਂ ਸਿੱਖ ਵਾਤਾਵਰਣ ਦਿਵਸ ਵਜੋਂ ਮਨਾਇਆ ਗਿਆ।ਇਸ ਮੌਕੇ ਭਾਰਤ ਸਰਕਾਰ ਦੇ ਵਾਤਵਰਣ, ਜੰਗਲਾਤ ਅਤੇ ਮੌਸਮ ਵਿਭਾਗ ਵੱਲੋਂ ਸਪਾਂਸਰਡ NEAC ਤਹਿਤ 'ਭੂਮੀ ਵਿਚ ਰੇਤਲੇਪਨ ਦੇ ਵਧਣ, ਉਪਜਾਊ ਸ਼ਕਤੀ ਦੇ ਘਟਣ ਅਤੇ ਸੋਕਾ' ਵਿਸ਼ੇ 'ਤੇ ਇਕ ਰੋਜ਼ਾ ਰਾਸ਼ਟਰੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।

**22.17 ਪੁਸਤਕ ਰਿਲੀਜ਼ ਸਮਾਰੋਹ**

ਮਿਤੀ 8 ਮਾਰਚ, 2017 ਨੂੰ **ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ** ਨੇ ਸਥਾਨਕ ਕਾਲਜ ਵਿਖੇ ਪ੍ਰਿੰਸੀਪਲ **ਡਾ. ਧਰਮਿੰਦਰ ਸਿੰਘ ਉੱਭਾ** ਦਾ **ਕਾਵਿ-ਸੰਗ੍ਰਹਿ 'ਤੇਰੇ ਨਾਲ...' ਰਿਲੀਜ਼ ਕੀਤਾ**। ਇਸ ਪੁਸਤਕ ਰਿਲੀਜ਼ ਸਮਾਰੋਹ ਦੌਰਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਜ਼ੁਆਲੋਜੀ ਵਿਭਾਗ ਦੇ ਸਾਬਕਾ ਮੁਖੀ **ਡਾ. ਦਵਿੰਦਰ ਸਿੰਘ** ਨੇ ਬਤੌਰ **ਵਿਸ਼ੇਸ਼ ਮਹਿਮਾਨ** ਅਤੇ **ਡਾ. ਕੁਲਵੰਤ ਗਰੇਵਲ** ਨੇ **ਬਤੌਰ ਮੁੱਖ ਵਕਤਾ** ਸ਼ਿਰਕਤ ਕੀਤੀ।

ਮਾਰਚ ਮਹੀਨੇ ਦੌਰਾਨ ਹੀ ਕੰਪਿਊਟਰ ਵਿਭਾਗ ਦੀ ਅਧਿਆਪਿਕਾ **ਪ੍ਰੋ. ਇੰਦਰਬੀਰ ਕੌਰ** ਦੀ ਪੁਸਤਕ **ਡਾਟਾ ਮਾਈਨਿੰਗ ਅਤੇ ਡਾਟਾ ਵੇਅਰਹਾਊਸ** ਸਥਾਨਕ ਕਾਲਜ ਦੇ ਪ੍ਰਿੰਸੀਪਲ **ਡਾ. ਧਰਮਿੰਦਰ ਸਿੰਘ ਉੱਭਾ** ਦੁਆਰਾ ਸਥਾਨਕ ਕਾਲਜ ਵਿਖੇ **ਰਿਲੀਜ਼** ਕੀਤੀ ਗਈ।

**23. ਸਰੀਰਕ ਸਿੱਖਿਆ ਅਤੇ ਖੇਡ ਵਿਭਾਗ ਦੀਆਂ ਪ੍ਰਾਪਤੀਆਂ**

ਸਰੀਰਿਕ ਸਿੱਖਿਆ ਅਤੇ ਖੇਡ ਵਿਭਾਗ ਦੇ ਮੁਖੀ ਪ੍ਰੋ. ਗੁਰਸ਼ਰਨ ਸਿੰਘ ਗਿੱਲ ਦੇ ਸ਼ਲਾਘਾਯੋਗ ਉਪਰਾਲਿਆਂ ਸਦਕਾ ਕਾਲਜ ਨੇ ਇਸ ਸੇਸ਼ਨ ਦੌਰਾਨ ਵੀ ਪਹਿਲੇ ਦੀ ਤਰ੍ਹਾਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਕਾਲਜ ਦਾ ਨਾਮ ਰੌਸ਼ਨ ਕੀਤਾ।

**23.1 ਵਰਲਡ ਯੂਨੀਵਰਸਿਟੀ**

ਕਾਲਜ ਦੀ **ਹੈਂਡਬਾਲ ਦੀ ਹੋਣਹਾਰ ਖਿਡਾਰਨ ਮਨਦੀਪ ਕੌਰ** ਨੇ **ਵਰਲਡ ਯੂਨੀਵਰਸਿਟੀ ਹੈਂਡਬਾਲ ਚੈਂਪੀਅਨਸ਼ਿਪ** ਵਿਚ **ਭਾਗ** ਲਿਆ, ਜੋ ਕਿ ਮਲਾਗਾ (ਸਪੇਨ) ਵਿਖੇ ਹੋਇਆ।

**23.2 ਵਰਲਡ ਕੱਪ**

ਕਾਲਜ ਦੀ **ਆਰਚਰੀ ਦੀ ਹੋਣਹਾਰ ਖਿਡਾਰਨ ਪ੍ਰਭਜੋਤ ਕੌਰ** ਨੇ ਅਪ੍ਰੈਲ-ਮਈ 2016 ਵਿਚ ਚਾਈਨਾ ਅਤੇ ਕੋਲੰਬੀਆ ਵਿਖੇ ਹੋਏ **ਵਰਲਡ ਕੱਪ** ਵਿਚ ਭਾਗ ਲਿਆ।

**23.3 ਨੈਸ਼ਨਲ**

ਕਾਲਜ ਦੇ **ਤਾਈਕਮਾਂਡੋ ਖੇਡ ਦੇ ਖਿਡਾਰੀ ਜਗਸੀਰ ਸਿੰਘ** ਨੇ ਨੈਸ਼ਨਲ ਵਿਚ **1 ਗੋਲਡ** ਅਤੇ **1 ਬਰਾਂਜ਼ ਮੈਡਲ** ਪ੍ਰਾਪਤ ਕੀਤਾ। **ਆਰਚਰੀ ਦੇ ਖਿਡਾਰੀ ਪ੍ਰਭਜੋਤ ਸਿੰਘ** ਨੇ **1 ਗੋਲਡ ਵਿਅਕਤੀਗਤ** ਤੌਰ 'ਤੇ ਅਤੇ **1 ਗੋਲਡ ਟੀਮ ਈਵੈਂਟ** ਵਿਚ ਪ੍ਰਾਪਤ ਕੀਤਾ ਅਤੇ **ਆਰਚਰ ਪ੍ਰੀਤਇੰਦਰ ਕੌਰ** ਅਤੇ **ਦਲਜੀਤ ਕੌਰ** ਨੇ ਵੀ **ਇਕ-ਇਕ ਬਰਾਂਜ਼ ਮੈਡਲ** ਪ੍ਰਾਪਤ ਕੀਤਾ।

**23.4 ਆਲ ਇੰਡੀਆ ਇੰਟਰ-ਯੂਨੀਵਰਸਿਟੀ**

ਕਾਲਜ ਦੇ **ਹੈਂਡਬਾਲ ਦੇ 6 ਖਿਡਾਰੀਆਂ** ਨੇ ਆਲ ਇੰਡੀਆ ਇੰਟਰ ਯੂਨੀਵਰਸਿਟੀ, ਜੋ ਕਿ ਸੇਲਮ (ਤਾਮਿਲਨਾਡੂ) ਵਿਖੇ ਹੋਈਆਂ, ਵਿਚ **ਸਿਲਵਰ ਮੈਡਲ** ਪ੍ਰਾਪਤ ਕੀਤਾ। **ਆਰਚਰੀ ਦੇ ਖਿਡਾਰੀ ਰੈਹਲ** ਨੇ **1 ਬਰਾਂਜ਼ ਮੈਡਲ** ਅਤੇ **ਪ੍ਰਭਜੋਤ ਕੌਰ** ਨੇ **ਵਿਅਕਤੀਗਤ 1 ਗੋਲਡ** ਅਤੇ **ਟੀਮ ਈਵੈਂਟ ਵਿਚ ਵੀ 1 ਗੋਲਡ ਮੈਡਲ** ਪ੍ਰਾਪਤ ਕੀਤਾ।

**23.5 ਇੰਟਰ-ਯੂਨੀਵਰਸਿਟੀ ਨਾਰਥ ਜ਼ੋਨ**

ਕਾਲਜ ਦੀ **ਹੈਂਡਬਾਲ ਖਿਡਾਰਣ ਮਨਦੀਪ ਕੌਰ** ਨੇ ਨਾਰਥ ਜ਼ੋਨ ਇੰਟਰ-ਯੂਨੀਵਰਸਿਟੀ ਵਿਚੋਂ **ਗੋਲਡ ਮੈਡਲ** ਪ੍ਰਾਪਤ ਕੀਤਾ ਅਤੇ **ਹੈਂਡਬਾਲ ਦੇ 6 ਖਿਡਾਰੀਆਂ (ਲੜਕਿਆਂ)** ਨੇ ਵੀ **ਗੋਲਡ ਮੈਡਲ** ਪ੍ਰਾਪਤ ਕੀਤਾ।

**23.6 ਅੰਤਰ-ਕਾਲਜ ਮੁਕਾਬਲੇ**

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਕਰਵਾਏ ਗਏ ਖੇਡਾਂ ਦੇ ਅੰਤਰ-ਕਾਲਜ ਮੁਕਾਬਲਿਆਂ ਦੌਰਾਨ ਕਾਲਜ ਦੀ **ਆਰਚਰੀ ਟੀਮ** ਨੇ **ਓਵਰ-ਆਲ ਚੈਂਪਿਅਨਸ਼ਿਪ** ਜਿੱਤੀ। ਇਸ ਵਿਚ **ਪ੍ਰਭਜੋਤ ਕੌਰ** ਨੇ **5 ਗੋਲਡ ਮੈਡਲ** ਪ੍ਰਾਪਤ ਕੀਤੇ। ਕਾਲਜ ਦੀ ਬੈਡਮਿੰਟਨ ਟੀਮ (ਲੜਕੀਆਂ) ਨੇ ਦੂਸਰਾ ਸਥਾਨ। ਬੈਡਮਿੰਟਨ ਟੀਮ (ਲੜਕੇ) ਨੇ ਪਹਿਲਾ ਸਥਾਨ, ਵਾਲੀਬਾਲ ਟੀਮ (ਲੜਕੇ) ਨੇ ਦੂਜਾ ਸਥਾਨ, ਵਾਲੀਬਾਲ ਟੀਮ (ਲੜਕੀਆਂ) ਨੇ ਦੂਜਾ ਸਥਾਨ, ਹੈਂਡਬਾਲ ਟੀਮ (ਲੜਕੇ) ਨੇ ਪਹਿਲਾ ਸਥਾਨ, ਹੈਂਡਬਾਲ ਟੀਮ (ਲੜਕਿਆਂ) ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਐਥਲੈਟਿਕ ਵਿਚ ਕਾਲਜ ਦੇ ਖਿਡਾਰੀਆਂ ਨੇ 2 ਗੋਲਡ ਮੈਡਲ, 1 ਸਿਲਵਰ ਮੈਡਲ ਅਤੇ 2 ਬਰੌਂਜ਼ ਮੈਡਲ ਪ੍ਰਾਪਤ ਕੀਤੇ।

## ਕਾਲਜ ਦੇ ਵੱਖ-ਵੱਖ ਵਿਭਾਗਾਂ ਦੀਆਂ ਪ੍ਰਾਪਤੀਆਂ/ਗਤੀਵਿਧੀਆਂ

### 24. ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ

**ਡਾ. ਜਸਲੀਨ ਕੌਰ** ਦੀ ਸੁਚੱਜੀ ਅਗਵਾਈ ਅਧੀਨ ਚੱਲ ਰਹੇ ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ ਦੁਆਰਾ ਇਸ ਸੈਸ਼ਨ ਦੌਰਾਨ ਮਿਤੀ 30 ਮਾਰਚ, 2016 ਨੂੰ ਐੱਮ.ਐੱਲ.ਡੀ. ਅਤੇ ਐੱਮ.ਬੀ.ਏ. ਦੇ ਵਿਦਿਆਰਥੀਆਂ ਨੂੰ **ਡਾ. ਸੋਨਮ ਦੁੱਲਤ**, ਮਨੋਵਿਗਿਆਨ ਵਿਭਾਗ ਨੇ **Self Enhancement** ਵਿਸ਼ੇ 'ਤੇ ਸੰਬੋਧਿਤ ਕੀਤਾ।

2 ਅਗਸਤ, 2016 ਨੂੰ ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ ਵੱਲੋਂ ਬੀ.ਬੀ.ਏ. ਭਾਗ ਪਹਿਲਾ ਦੇ ਵਿਦਿਆਰਥੀਆਂ ਲਈ ਇਕ **ਓਰੀਐਨਟੇਸ਼ਨ ਪ੍ਰੋਗਰਾਮ** ਆਯੋਜਿਤ ਕੀਤਾ ਗਿਆ।

9 ਅਤੇ 10 ਅਗਸਤ, 2016 ਨੂੰ ਬੀ.ਬੀ.ਏ., ਐੱਮ.ਐੱਲ.ਡੀ. ਅਤੇ ਐੱਮ.ਬੀ.ਏ. ਦੇ ਵਿਦਿਆਰਥੀਆਂ ਦਾ **ਪੇਪਰ ਰੀਡਿੰਗ ਮੁਕਾਬਲਾ** ਕਰਵਾਇਆ ਗਿਆ।

12 ਅਗਸਤ, 2016 ਨੂੰ ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ ਵੱਲੋਂ 69ਵਾਂ **ਆਜ਼ਾਦੀ ਦਿਵਸ** ਮਨਾਇਆ ਗਿਆ ਅਤੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਪ੍ਰਤੀਯੋਗਿਤਾਵਾਂ ਵਿਚ ਭਾਗ ਲਿਆ ਗਿਆ।

23 ਅਤੇ 24 ਅਗਸਤ, 2016 ਨੂੰ ਐੱਮ.ਐੱਲ.ਡੀ. ਅਤੇ ਬੀ.ਬੀ.ਏ. ਦੇ ਵਿਦਿਆਰਥੀਆਂ ਵਿਚਕਾਰ **ਰੋਲ ਪਲੇਅ ਪ੍ਰਤੀਯੋਗਿਤਾ** ਕਰਵਾਈ ਗਈ।

31 ਅਗਸਤ, 2016 ਨੂੰ ਐੱਮ.ਕਾਮ. ਦੇ ਵਿਦਿਆਰਥੀਆਂ ਦੇ ਲਈ **ਵਪਾਰ ਸਬੰਧੀ ਪ੍ਰਤੀਯੋਗਿਤਾ** ਕਰਵਾਈ ਗਈ।

16 ਸਤੰਬਰ, 2016 ਨੂੰ ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ ਵੱਲੋਂ ਬੀ.ਕਾਮ. ਆਨਰਜ਼ ਦੇ ਵਿਦਿਆਰਥੀਆਂ ਲਈ **ਬਿਜ਼ਨੈੱਸ ਕੁਇਜ਼** ਕਰਵਾਇਆ ਗਿਆ।

21 ਸਤੰਬਰ, 2016 ਨੂੰ ਐੱਮ.ਕਾਮ. ਭਾਗ ਪਹਿਲਾ ਦੇ ਵਿਦਿਆਰਥੀਆਂ ਲਈ **ਓਰੀਐਂਟੇਸ਼ਨ ਪ੍ਰੋਗਰਾਮ** ਆਯੋਜਿਤ ਕੀਤਾ ਗਿਆ, ਜਿਸ ਵਿਚ ਪ੍ਰਿੰਸੀਪਲ **ਡਾ. ਧਰਮਿੰਦਰ ਸਿੰਘ ਉੱਭਾ** ਨੇ **ਲੀਡਰਸ਼ਿਪ ਲੈਸਨਜ਼** ਵਿਸ਼ੇ 'ਤੇ ਭਾਸ਼ਣ ਦਿੱਤਾ।

10 ਅਕਤੂਬਰ, 2016 ਨੂੰ ਵਿਭਾਗ ਨੇ ਅੰਡਰ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਕਲਾਸਾਂ ਦੇ ਵਿਦਿਆਰਥੀਆਂ ਦੀ **ਮਹਿੰਦੀ ਪ੍ਰਤੀਯੋਗਿਤਾ** ਕਰਵਾਈ ਗਈ।

24 ਅਕਤੂਬਰ, 2016 ਨੂੰ ਅੰਡਰ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਕਲਾਸਾਂ ਦੇ ਵਿਦਿਆਰਥੀਆਂ ਲਈ **Treasure Hunt** ਆਯੋਜਿਤ ਕੀਤਾ ਗਿਆ।

27 ਅਕਤੂਬਰ, 2016 ਨੂੰ ਵਿਦਿਆਰਥੀਆਂ ਨੇ ਮਾਤਾ ਖੀਵੀ ਬਿਰਧ ਆਸ਼ਰਮ ਵਿਚ ਬਿਰਧਾਂ ਦੇ ਨਾਲ **ਦੀਵਾਲੀ** ਦਾ ਤਿਉਹਾਰ ਮਨਾਇਆ।

ਸਕੂਲ ਆਫ਼ ਕਾਰਮਸ ਐਂਡ ਮੈਨੇਜਮੈਂਟ ਦੇ ਐੱਮ.ਕਾਮ. ਦੇ ਪੰਜ ਵਿਦਿਆਰਥੀਆਂ ਨੇ **ਯੂ.ਜੀ.ਸੀ. ਨੈੱਟ** ਪਾਸ ਕੀਤਾ।

15 ਮਾਰਚ, 2017 ਨੂੰ ਵਿਭਾਗ ਦੇ ਸਾਰੇ ਵਿਦਿਆਰਥੀਆਂ ਵੱਲੋਂ ਅਤੇ ਅਧਿਆਪਕਾਂ ਵੱਲੋਂ **ਸਪ੍ਰਿੰਗਸਪ੍ਰੀ-2017** ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਵਿਦਿਆਰਥੀਆਂ ਵੱਲੋਂ ਵਿਭਿੰਨ ਪ੍ਰਕਾਰ ਦੀਆਂ ਸਟਾਲਾਂ ਲਗਾਈਆਂ ਗਈਆਂ।

### 25. ਪੋਸਟ ਗ੍ਰੈਜੂਏਟ ਡਿਪਾਰਟਮੈਂਟ ਆਫ਼ ਕੰਪਿਊਟਰ ਵਿਭਾਗ ਅਤੇ ਕੰਪਿਊਟੋਨਿਕਸ ਕਲੱਬ

ਪੋਸਟ ਗ੍ਰੈਜੂਏਟ ਕੰਪਿਊਟਰ ਵਿਭਾਗ ਦੇ ਮੁਖੀ **ਪ੍ਰੋ. ਸੁਖਮੀਨ ਕੌਰ** ਦੇ ਅਹਿਮ ਉਪਰਾਲਿਆਂ ਅਤੇ ਇਸ ਵਿਭਾਗ ਵੱਲੋਂ ਬਣਾਏ ਗਏ ਕੰਪਿਊਟੋਨਿਕਸ ਕਲੱਬ ਦੇ ਇੰਚਾਰਜ **ਪ੍ਰੋ. ਜਤਿੰਦਰ ਕੌਰ** ਦੁਆਰਾ ਮਿਤੀ 5 ਸਤੰਬਰ, 2016 ਨੂੰ **ਅਧਿਆਪਕ ਦਿਵਸ** ਮਨਾਇਆ ਗਿਆ। ਮਿਤੀ 6 ਨਵੰਬਰ, 2016 ਨੂੰ ਵਿਭਾਗ ਦੇ ਵਿਦਿਆਰਥੀਆਂ ਦਾ **ਇੰਟਰੋਡਕਸ਼ਨ-ਕਮ-ਇੰਟਰੈਕਸ਼ਨ** ਅਤੇ ਮਿਤੀ 8 ਫਰਵਰੀ, 2017 ਨੂੰ ਵਿਭਾਗ ਦੇ ਵਿਦਿਆਰਥੀਆਂ ਦਾ **ਪੇਪਰ ਪ੍ਰੈਜ਼ਨਟੇਸ਼ਨ - 2017 ਮੁਕਾਬਲਾ** ਕਰਵਾਇਆ ਗਿਆ।

ਇਸ ਵਿਭਾਗ ਦੁਆਰਾ ਮਿਤੀ 21 ਸਤੰਬਰ, 2016 ਨੂੰ ਐੱਸ.ਜੀ. ਕੈਡ, ਮਾਇਕਰੋਸਾਫ਼ਟ ਐਜੂਕੇਸ਼ਨ ਪਾਰਟਨਰ, ਪਟਿਆਲਾ ਦੇ **ਸ਼੍ਰੀ ਗੌਰਵ ਗੁਪਤਾ ਅਤੇ ਉਮੇਸ਼ ਗੋਇਲ** ਦੀ **'ਪੀ.ਐੱਚ.ਪੀ.' ਅਤੇ 'ਕਲਾਊਡ ਕੰਪਿਊਟਿੰਗ'** ਵਿਸ਼ੇ 'ਤੇ ਵਰਕਸ਼ਾਪ ਦਾ **ਆਯੋਜਨ** ਕੀਤਾ ਗਿਆ।

ਇਸ ਵਿਭਾਗ ਵੱਲੋਂ ਮਿਤੀ 14 ਮਾਰਚ, 2017 ਨੂੰ ਹਨੁਮਾਇਆ ਇਨੋਵੇਸ਼ਨਜ਼ ਐਂਡ ਟੈਕਨਾਲੋਜੀ ਦੇ ਸਾਫ਼ਟਵੇਅਰ ਇੰਜੀਨਿਅਰ **ਮਾਨਵ ਸਿੰਘ**, ਹੈੱਡ **ਰਮਨਜੀਤ ਸਿੰਘ** ਅਤੇ ਪੀ.ਆਰ.ਓ. **ਜੇ.ਪੀ. ਸਿੰਘ** ਦਾ **'ਸਮਾਰਟ ਫ਼ੋਨ ਐਪਲੀਕੇਸ਼ਨਜ਼ ਅਤੇ ਇੰਟਰਨੈੱਟ ਆਫ਼ ਥਿੰਗਜ਼'** ਵਿਸ਼ੇ' ਤੇ **ਵਿਸ਼ੇਸ਼ ਸੈਮੀਨਾਰ** ਆਯੋਜਿਤ ਕੀਤਾ ਗਿਆ।

**26. ਖੇਤੀਬਾੜੀ ਵਿਭਾਗ**

ਵਿਭਾਗ ਦੇ ਮੁਖੀ **ਪ੍ਰੋ. ਰਾਜਦੀਪ ਸਿੰਘ ਧਾਲੀਵਾਲ** ਅਤੇ ਵਿਭਾਗ ਦੇ ਸਮੂਹ ਅਧਿਆਪਕਾਂ ਦੇ ਯਤਨਾਂ ਸਦਕਾ ਇਸ ਸੈਸ਼ਨ ਦੌਰਾਨ ਐੱਮ.ਐੱਸਸੀ. ਐਗ੍ਰੀਕਲਚਰ, ਬੀ.ਐੱਸਸੀ. ਐਗ੍ਰੀਕਲਚਰ, ਬੀ.ਵਾਕ. ਐਗ੍ਰੀਕਲਚਰ ਅਤੇ ਕਮਿਊਨਿਟੀ ਕਾਲਜ ਇਨ ਗ੍ਰੀਨ ਹਾਊਸ ਟੈਕਨਾਲੋਜੀ ਦੇ ਵਿਦਿਆਰਥੀਆਂ ਦੇ ਵੱਖ-ਵੱਖ ਥਾਂਵਾਂ 'ਤੇ **ਪੰਜ ਅਕਾਦਮਿਕ ਦੌਰੇ** ਕਰਵਾਏ ਗਏ। ਮਿਤੀ 22 ਸਤੰਬਰ, 2016 ਨੂੰ ਵਿਦਿਆਰਥੀਆਂ ਦਾ ਪੀ.ਏ.ਯੂ. **ਕਿਸਾਨ ਮੇਲਾ ਲੁਧਿਆਣਾ** ਵਿਖੇ, ਮਿਤੀ 13 ਅਕਤੂਬਰ, 2016 ਨੂੰ **Soil Coservation and Research Farm, Mansa Devi Complex, Panchkula (Haryana)** ਵਿਖੇ, ਮਿਤੀ 7 ਨਵੰਬਰ, 2016 ਨੂੰ ਪੰਜਾਬ ਸਰਕਾਰ ਦੇ **ਹੌਰਟੀਕਲਚਰ ਵਿਭਾਗ** (ਆਮ ਖ਼ਾਸ ਬਾਗ਼) ਵਿਖੇ, ਮਿਤੀ 10 ਨਵੰਬਰ, 2016 ਨੂੰ **ਸੈਂਟਰ ਆਫ਼ ਐਕਸੀਲੈਂਸ ਫ਼ਾਰ ਵੈਜੀਟੇਬਲ**, ਘਰੌਂਦਾ, ਕਰਨਾਲ (ਹਰਿਆਣਾ) ਵਿਖੇ ਲਿਜਾਇਆ ਗਿਆ।

ਇਸੇ ਵਿਭਾਗ ਵੱਲੋਂ ਬੀ.ਐੱਸਸੀ. ਮੈਡੀਕਲ ਦੇ ਵਿਦਿਆਰਥੀਆਂ ਨੂੰ ਮਿਤੀ 20 ਅਕਤੂਬਰ, 2016 ਨੂੰ ਪੰਜਾਬੀ ਯੂਨੀਵਰਸਿਟੀ ਦੇ **ਬੋਟੈਨੀਕਲ ਗਾਰਡਨ ਤੇ ਪਲਾਂਟ ਮਿਊਜ਼ੀਅਮ** ਅਤੇ ਮਿਤੀ 2 ਨਵੰਬਰ, 2016 ਨੂੰ **ਛੱਤਬੀੜ ਚਿੜੀਆਘਰ** ਵਿਖੇ ਲਿਜਾਇਆ ਗਿਆ।

**27 ਕੈਮਿਸਟਰੀ ਵਿਭਾਗ**

ਕੈਮਿਸਟਰੀ ਵਿਭਾਗ ਦੇ ਮੁਖੀ **ਡਾ. ਕੁਲਦੀਪ ਸਿੰਘ** ਦੀ ਸੁਯੋਗ ਅਗਵਾਈ ਅਧੀਨ ਚੱਲ ਰਹੇ ਅਤੇ ਇਸ ਵਿਭਾਗ ਦੁਆਰਾ ਬਣਾਏ ਗਏ **'ਕੈਮ-ਕਲੱਬ'** ਦੁਆਰਾ ਦੀਵਾਲੀ ਦੇ ਤਿਉਹਾਰ ਮੌਕੇ ਵਿਦਿਆਰਥੀਆਂ ਦੇ **ਪੋਸਟਰ ਮੇਕਿੰਗ ਮੁਕਾਬਲੇ** ਕਰਵਾਏ ਗਏ ਅਤੇ **ਹਰੀ ਦੀਵਾਲੀ ਮਨਾਉਣ ਦਾ ਸੰਦੇਸ਼ ਦਿੰਦੀ ਰੈਲੀ ਕੱਢੀ** ਗਈ। ਇਸ ਵਿਭਾਗ ਦੁਆਰਾ ਤੀਆਂ ਦੇ ਤਿਉਹਾਰ ਮੌਕੇ ਵਿਦਿਆਰਥੀਆਂ ਦੇ **ਮਹਿੰਦੀ ਲਗਾਉਣ ਦੇ ਮੁਕਾਬਲੇ** ਵੀ ਕਰਵਾਏ ਗਏ।

**28. ਬੀ.ਵਾਕ. ਫ਼ੂਡ ਪ੍ਰੋਸੈਸਿੰਗ ਐਂਡ ਇਜੀਨਿਅਰਿੰਗ**

ਡਾ. ਨਿਪੁੰਨਜੋਤ ਕੌਰ ਦੇ ਯਤਨਾਂ ਸਦਕਾ ਬੀ.ਵਾਕ. ਫ਼ੂਡ ਪ੍ਰੋਸੈਸਿੰਗ ਐਂਡ ਇੰਜੀਨਿਅਰਿੰਗ ਦੇ ਵੱਖ-ਵੱਖ ਥਾਵਾਂ 'ਤੇ ਕਈ **ਅਕਾਦਮਿਕ ਦੌਰੇ ਕਰਵਾਏ** ਗਏ। ਮਿਤੀ 19 ਮਾਰਚ, 2016 ਨੂੰ ਵਿਦਿਆਰਥੀਆਂ ਨੂੰ **ਪੈਪਸੀਕੋ ਇੰਡੀਆ ਲਿਮਟਿਡ, ਚੰਨੋ**, ਜ਼ਿਲ੍ਹਾ ਸੰਗਰੂਰ ਵਿਖੇ; ਮਿਤੀ 26 ਅਪ੍ਰੈਲ, 2016 ਨੂੰ **ਕਿੱਟੀ ਇੰਡਸਟਰੀ ਲੁਧਿਆਣਾ** ਵਿਖੇ; ਮਿਤੀ 6 ਦਸੰਬਰ, 2016 ਨੂੰ **ਯਾਕੁਲਟ ਡੀਨੋਨ ਇੰਡੀਆ ਪ੍ਰਾਈਵੇਟ ਲਿਮਟਿਡ ਸਾਧੂਗੜ੍ਹ ਸਰਹਿੰਦ**, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵਿਖੇ ਲਿਜਾਏ ਗਏ।

ਵਿਭਾਗ ਵੱਲੋਂ 'ਕੌਸ਼ਲ ਭਾਰਤ ਕੁਸ਼ਲ ਭਾਰਤ' ਨੂੰ ਮੱਦੇਨਜ਼ਰ ਰੱਖਦਿਆਂ **'ਫ਼ੂਡ ਓ ਫ਼ੂਡ ਮਾਨੀਆ' ਫ਼ੈਸਟੀਵਲ ਵੀ ਆਯੋਜਿਤ** ਕਰਵਾਇਆ ਗਿਆ।

## ਆਰਟਸ ਵਿਭਾਗ

**29. ਅੰਗ੍ਰੇਜ਼ੀ ਵਿਭਾਗ, ਇੰਗਲਿਸ਼ ਲਿਟਰੇਰੀ ਸੁਸਾਇਟੀ ਅਤੇ ਬਰੇਵਹਾਰਟਸ ਸੈੱਲ**

ਅੰਗ੍ਰੇਜ਼ੀ ਵਿਭਾਗ ਦੇ ਮੁਖੀ **ਡਾ. ਦੀਪਇੰਦਰਜੀਤ ਕੌਰ** ਦੀ ਦੇਖ-ਰੇਖ ਹੇਠ ਇਸ ਸੈਸ਼ਨ ਦੌਰਾਨ ਇਸ ਵਿਭਾਗ ਵੱਲੋਂ **ਡਾ. ਰੂਬਲ ਬਰਾੜ** ਦੇ ਯਤਨਾਂ ਸਦਕਾ ਮਿਤੀ 27 ਸਤੰਬਰ, 2016 ਨੂੰ ਅੰਗ੍ਰੇਜ਼ੀ ਵਿਭਾਗ ਵੱਲੋਂ ਕਾਲਜ ਵਿਚ ਬਣਾਈ ਗਈ 'ਇੰਗਲਿਸ਼ ਲਿਟਰੇਰੀ ਸੁਸਾਇਟੀ' ਦੇ ਨਵੇਂ ਵਿਦਿਆਰਥੀ ਅਹੁਦੇਦਾਰਾਂ ਦੀ ਚੋਣ ਕੀਤੀ ਗਈ ਅਤੇ 700 ਵਿਦਿਆਰਥੀਆਂ ਨੂੰ ਇਸਦੇ ਮੈਂਬਰ ਬਣਾਇਆ ਗਿਆ। ਇਸ ਸਭਾ ਵੱਲੋਂ ਮਿਤੀ 25 ਅਕਤੂਬਰ, 2016 ਨੂੰ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਲਈ ਲੀਡਰਸ਼ਿਪ ਐਂਡ ਲਾਈਫ਼ ਸਕਿਲਜ਼ ਵਿਸ਼ੇ 'ਤੇ **ਇਕ ਰੋਜ਼ਾ ਵਰਕਸ਼ਾਪ** ਦਾ ਆਯੋਜਨ ਕੀਤਾ ਗਿਆ। ਮਿਤੀ 27 ਫਰਵਰੀ, 2017 ਨੂੰ ਕਾਲਜ ਵਿਖੇ **Rendezvous with Literature** ਆਯੋਜਿਤ ਕੀਤਾ ਗਿਆ ਅਤੇ ਸਾਹਿਤ ਦੇ ਵੱਖ-ਵੱਖ ਰੂਪਾਂ ਨਾਲ ਸਬੰਧਿਤ ਛੇ ਪ੍ਰਕਾਰ ਦੀਆਂ ਗਤੀਵਿਧੀਆਂ ਕਰਵਾਈਆਂ ਗਈਆਂ। ਇਸ ਸਭਾ ਵੱਲੋਂ ਇਸ ਸੈਸ਼ਨ ਦੌਰਾਨ ਵਿਦਿਆਰਥੀਆਂ ਵਾਸਤੇ ਇਕ **ਟੈਕਸਟ ਬੁੱਕ ਸੈਕਸ਼ਨ** ਸਥਾਪਿਤ ਕਰਨ ਲਈ ਦੋ ਅਲਮਾਰੀਆਂ ਅਤੇ 31 ਕਿਤਾਬਾਂ ਖ਼ਰੀਦੀਆਂ ਗਈਆਂ।

ਮਿਤੀ 3 ਨਵੰਬਰ, 2016 ਨੂੰ ਅੰਗ੍ਰੇਜ਼ੀ ਵਿਭਾਗ ਵੱਲੋਂ **ਇਕ ਰੋਜ਼ਾ ਵਰਕਸ਼ਾਪ** ਐੱਮ.ਫ਼ਿਲ. ਦੇ ਵਿਦਆਰਥੀਆਂ ਲਈ ਕਰਵਾਈ ਗਈ, ਜਿਸ ਵਿਚ **ਡਾ. ਜਸਵਿੰਦਰ ਸਿੰਘ**, ਧਰਮ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ **ਰਾਜਬੀਰ ਸਿੰਘ ਜੱਜ**, ਰਿਸਰਚ ਫ਼ੈਲੋ, ਸਾਊਥ ਏਸ਼ੀਅਨ ਹਿਸਟਰੀ ਯੂਨੀਵਰਸਿਟੀ ਆਫ਼ ਕੈਲੀਫ਼ੋਰਨੀਆ, ਡੇਵਿਸ ਨੇ ਵਿਦਿਆਰਥੀਆ ਨੂੰ ਸੰਬੋਧਨ ਕੀਤਾ।

ਅੰਗ੍ਰੇਜ਼ੀ ਵਿਭਾਗ ਵੱਲੋਂ ਬਣਾਏ ਗਏ ਬਰੇਵ ਹਾਰਟ ਕਲੱਬ ਦੇ ਕਨਵੀਨਰ **ਪ੍ਰੋ. ਜਸਪ੍ਰੀਤ ਕੌਰ** ਦੀ ਅਗਵਾਈ ਸਦਕਾ ਇਸ ਸੈਸ਼ਨ ਦੌਰਾਨ ਮਿਤੀ 11 ਨਵੰਬਰ, 2016 ਨੂੰ **ਰਜਿੰਦਰਾ ਦੇਵਾ ਔਰਫ਼ਨ ਟਰੱਸਟ ਪਟਿਆਲਾ ਦੇ ਬੱਚਿਆਂ ਨੂੰ ਪੰਜ ਨਵੇਂ ਸਾਇਕਲ ਲੈ ਕੇ ਦਿੱਤੇ** ਗਏ। ਇਸ ਕਲੱਬ ਵੱਲੋਂ ਯਾਦਵਿੰਦਰਾ ਪੂਰਨ ਬਾਲ-ਨਿਕੇਤਨ, ਲਾਹੌਰੀ ਗੇਟ, ਪਟਿਆਲਾ ਦੇ ਵਿਦਿਆਰਥੀਆਂ ਨੂੰ ਸਕੂਲ ਦੀਆਂ ਨਵੀਆਂ ਵਰਦੀਆਂ ਦਾ ਕੱਪੜਾ ਲੈ ਕੇ ਦਿੱਤਾ ਗਿਆ। ਮਿਤੀ 27 ਅਕਤੂਬਰ, 2016 ਨੂੰ 'ਖ਼ੁਸ਼ੀਆਂ ਵੰਡਣ' ਦੇ ਮੰਤਵ ਅਧੀਨ BMW, Leprosy Home ਵਿਖੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੁਆਰਾ ਕੱਪੜੇ ਇਕੱਠੇ ਕਰਕੇ ਵੰਡੇ ਗਏ।

**30. ਪੰਜਾਬੀ ਵਿਭਾਗ ਅਤੇ ਐਡ ਔਨ ਕੋਰਸ ਪੰਜਾਬੀ ਜਰਨਲਿਜ਼ਮ**

ਪੰਜਾਬੀ ਵਿਭਾਗ ਦੇ ਤਤਕਾਲੀਨ ਮੁਖੀ **ਡਾ. ਗੁਰਦੀਸ਼ ਕੌਰ** ਦੇ ਅਹਿਮ ਯਤਨਾਂ ਸਦਕਾ ਮਿਤੀ 2 ਮਾਰਚ, 2016 ਨੂੰ ਐਡ ਔਨ ਕੋਰਸ ਪੰਜਾਬੀ ਜਰਨਲਿਜ਼ਮ ਦੇ ਵਿਦਿਅਰਥੀਆਂ ਦੀ **ਨਿਊਜ਼ ਪ੍ਰੋਡਕਸ਼ਨ** ਵਿਸ਼ੇ 'ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਇਸੇ ਯੂਨੀਵਰਸਿਟੀ ਦੇ ਜਰਨਲਿਜ਼ਮ ਐਂਡ ਮਾਸ ਕਮਿਊਨਿਕੇਸ਼ਨ ਅਤੇ ਆਈ.ਏ.ਐੱਸ. ਸਟੱਡੀ ਸੈਂਟਰ ਦੇ ਮੁਖੀ ਡਾ. ਹਰਜਿੰਦਰ ਵਾਲੀਆ ਦੀ **ਇਕ ਰੋਜ਼ਾ ਵਰਕਸ਼ਾਪ** ਲਗਾਈ ਗਈ।

ਇਸ ਸੈਸ਼ਨ ਦੌਰਾਨ ਵਿਭਾਗ ਵੱਲੋਂ ਐਡ ਆਨ ਕੋਰਸ ਪੰਜਾਬੀ ਜਰਨਲਿਜ਼ਮ ਦੇ ਵਿਦਿਆਰਥੀਆਂ ਦੀ ਪਟਿਆਲਾ ਵਿਖੇ ਰਾਜਪੁਰਾ ਕਲੋਨੀ ਦੇ **ਸਲੱਮ ਏਰੀਆ ਦੀ ਵਿਜ਼ਟ** ਕਰਵਾਈ ਗਈ।

ਇਸ ਵਿਭਾਗ ਦੁਆਰਾ ਮਿਤੀ 10 ਨਵੰਬਰ, 2016 ਨੂੰ ਵਿਭਾਗ ਦੇ ਐੱਮ.ਫ਼ਿਲ ਦੇ ਵਿਦਿਆਰਥੀਆਂ ਵਾਸਤੇ **ਸਾਹਿਤ ਅਤੇ ਖੋਜ ਵਿਧੀ** ਵਿਸ਼ੇ 'ਤੇ **ਇਕ ਰੋਜ਼ਾ ਵਰਕਸ਼ਾਪ** ਲਗਾਈ ਗਈ, ਜਿਸ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਦੇ ਤਿੰਨ ਵਿਦਵਾਨਾਂ **ਡਾ. ਰਾਜਿੰਦਰ ਪਾਲ ਸਿੰਘ ਬਰਾੜ** ਨੇ 'ਖੋਜ ਵਿਧੀ: ਪ੍ਰਮੁੱਖ ਰੁਝਾਨ' ਵਿਸ਼ੇ 'ਤੇ **ਡਾ. ਸੁਰਜੀਤ ਸਿੰਘ ਭੱਟੀ** ਨੇ 'ਸਾਹਿਤ ਅਧਿਐਨ: ਮਾਰਕਸਵਾਦੀ ਦ੍ਰਿਸ਼ਟੀਕੋਣ' ਵਿਸ਼ੇ 'ਤੇ ਅਤੇ **ਡਾ. ਗੁਰਮੁਖ ਸਿੰਘ** ਨੇ 'ਮੀਡੀਆ ਅਤੇ ਅਧਿਆਪਨ' ਵਿਸ਼ੇ 'ਤੇ ਵਿਚਾਰ-ਚਰਚਾ ਕੀਤੀ।

**ਤ੍ਰੈ-ਭਾਸ਼ਾਈ ਰਾਸ਼ਟਰੀ ਕਵੀ-ਦਰਬਾਰ**

ਮਿਤੀ 5 ਮਾਰਚ, 2016 ਨੂੰ ਕਾਲਜ ਦੇ **ਪੰਜਾਬੀ, ਹਿੰਦੀ ਅਤੇ ਉਰਦੂ** ਵਿਭਾਗ ਵੱਲੋਂ **ਤ੍ਰੈ-ਭਾਸ਼ਾਈ ਰਾਸ਼ਟਰੀ ਕਵੀ-ਦਰਬਾਰ** ਦਾ ਆਯੋਜਨ ਕੀਤਾ ਗਿਆ। ਇਸ ਕਵੀ-ਦਰਬਾਰ ਦਾ **ਉਦਘਾਟਨ** ਪੰਜਾਬੀ ਦੇ ਸਿਰਮੋਰ ਅਤੇ **ਪਦਮ ਸ਼੍ਰੀ ਅਵਾਰਡ ਨਾਲ ਸਨਮਾਨਿਤ ਕਵੀ ਡਾ. ਸੁਰਜੀਤ ਪਾਤਰ** ਨੇ ਕੀਤਾ। ਇਸ ਕਵੀ-ਦਰਬਾਰ ਵਿਚ ਪੰਜਾਬੀ, ਹਿੰਦੀ ਅਤੇ ਉਰਦੂ ਦੇ 19 ਸਿਰਮੌਰ ਕਵੀਆਂ ਨੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ।

**31. ਹਿੰਦੀ ਵਿਭਾਗ**

**ਡਾ. ਹਰਵਿੰਦਰ ਕੌਰ** ਦੀ ਦੇਖ-ਰੇਖ ਹੇਠ ਮਿਤੀ 9 ਸਤੰਬਰ, 2016 ਨੂੰ ਵਿਭਾਗ ਦੇ ਵਿਦਿਆਰਥੀਆਂ ਦੇ **ਲੇਖ ਲਿਖਣ** ਅਤੇ 13 ਅਕਤੂਬਰ, 2016 ਨੂੰ **ਕਵਿਤਾ ਉਚਾਰਨ ਦੇ ਮੁਕਾਬਲੇ** ਕਰਵਾਏ ਗਏ।

**32. ਫ਼ੋਕ ਆਰਟ ਐਂਡ ਕਲਚਰ ਵਿਭਾਗ**

**ਪ੍ਰੋ. ਸੰਦੀਪ ਕੌਰ** ਦੀ ਸੁਯੋਗ ਅਗਵਾਈ ਅਧੀਨ ਮਿਤੀ 20 ਸਤੰਬਰ, 2016 ਨੂੰ ਵਿਦਿਆਰਥੀਆਂ ਦਾ **ਸੰਘੋਲ ਵਿਖੇ ਇਕ ਵਿਦਿਅਕ ਟੂਰ** ਲਿਜਾਇਆ ਗਿਆ। ਮਿਤੀ 24 ਅਕਤੂਰ, 2016 ਨੂੰ ਕਾਲਜ ਦੇ ਵਿਦਿਆਰਥੀਆਂ ਦੇ **ਮਿੱਟੀ ਦੇ ਖਿਡੌਣੇ ਬਣਾਉਣ ਦੇ ਮੁਕਾਬਲੇ** ਕਰਵਾਏ ਗਏ।

**33. ਪੋਸਟ ਗੈਜੂਏਟ ਡਿਪਾਰਟਮੈਂਟ ਆਫ਼ ਫ਼ੈਸ਼ਨ ਡਿਜ਼ਾਇਨਿੰਗ ਐਂਡ ਹੋਮ ਸਾਇੰਸ**

**ਡਾ. ਬਲਬੀਰ ਕੌਰ** ਦੀ ਸੁਯੋਗ ਅਗਵਾਈ ਸਦਕਾ ਇਸ ਵਿਭਾਗ ਵਿਚ ਮਿਤੀ 5 ਸਤੰਬਰ, 2016 ਨੂੰ ਭਾਰਤ ਦੀਆਂ ਪਰੰਪਰਾਗਤ ਕਢਾਈਆਂ ਵਿਸ਼ੇ 'ਤੇ **ਕਢਾਈ ਮੁਕਾਬਲੇ** ਅਤੇ ਮਿਤੀ 19 ਅਕਤੂਬਰ, 2016 ਨੂੰ **ਮਹਿੰਦੀ ਮੁਕਾਬਲੇ** ਕਰਵਾਏ ਗਏ।

ਇਸ ਵਿਭਾਗ ਦੁਆਰਾ ਮਿਤੀ 21 ਫਰਵਰੀ, 2017 ਨੂੰ ਵਿਭਾਗ ਵਿਚ 'ਮਾਈਕ੍ਰੋਵੇਵ ਕੁਕਿੰਗ ਲੋ ਕੈਲਰੀ ਫ਼ੂਡਜ਼' ਵਿਸ਼ੇ 'ਤੇ ਅਤੇ ਮਿਤੀ 28 ਫਰਵਰੀ, 2017 ਨੂੰ Mache Paper, Best out of Waste and Flower Making ਵਿਸ਼ੇ 'ਤੇ **ਦੋ ਵਰਕਸ਼ਾਪਾਂ ਦਾ ਆਯੋਜਨ** ਕੀਤਾ ਗਿਆ।

ਇਸ ਵਿਭਾਗ ਵੱਲੋਂ ਮਿਤੀ 31 ਅਗਸਤ, 2016 ਨੂੰ ਅੰਤਰ ਅਨੁਸ਼ਾਸਨੀ ਵਿਧੀ ਤਹਿਤ ਫ਼ਾਇਨ ਆਰਟਸ ਵਿਭਾਗ ਦੇ ਪ੍ਰੋ. ਕਿਰਨਦੀਪ ਕੌਰ ਦਾ 'ਪਾਣੀ ਵਾਲੇ ਰੰਗਾਂ ਦੀ ਵਰਤੋਂ ਦੀਆਂ ਵਿਧੀਆਂ' ਵਿਸ਼ੇ 'ਤੇ ਵਿਸ਼ੇਸ਼ ਲੈਕਚਰ ਕਰਵਾਇਆ ਗਿਆ।

**34. ਸੰਗੀਤ (ਵਾਦਨ) ਵਿਭਾਗ**

**ਡਾ. ਕੁਲਦੀਪ ਕੁਮਾਰ**, ਮੁਖੀ, ਸੰਗੀਤ (ਵਾਦਨ) ਵਿਭਾਗ ਦੇ ਯਤਨਾਂ ਸਦਕਾ ਇਸ ਵਿਭਾਗ ਵੱਲੋਂ ਮਿਤੀ 19 ਅਗਸਤ, 2016 ਨੂੰ ਵਿਦਿਆਰਥੀਆਂ ਦੇ **ਲੋਕ-ਸਾਜ਼ ਮੁਕਾਬਲੇ** ਕਰਵਾਏ ਗਏ ਅਤੇ ਇਨ੍ਹਾਂ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੇ ਖ਼ੇਤਰੀ ਯੁਵਕ ਮੇਲੇ ਵਿਚ ਅਹਿਮ ਸਥਾਨ ਹਾਸਿਲ ਕੀਤੇ।

**35. ਸੰਗੀਤ (ਗਾਇਨ) ਵਿਭਾਗ**

**ਡਾ. ਜਗਜੀਤ ਸਿੰਘ**, ਮੁਖੀ, ਸੰਗੀਤ (ਗਾਇਨ) ਵਿਭਾਗ ਅਤੇ ਵਿਭਾਗ ਦੇ ਅਧਿਆਪਕਾਂ ਦੇ ਅਹਿਮ ਯਤਨਾਂ ਸਦਕਾ ਇਸ ਵਿਭਾਗ ਦੇ ਵਿਦਿਆਰਥੀਆਂ ਨੇ ਖ਼ੇਤਰੀ ਯੁਵਕ ਮੇਲੇ ਅਤੇ ਹੋਰ ਕਈ ਅਹਿਮ ਮੁਕਾਬਲਿਆਂ ਦੌਰਾਨ ਸ਼ਾਨਦਾਰ ਪ੍ਰਾਪਤੀਆਂ ਹਾਸਿਲ ਕੀਤੀਆਂ।

ਇਸ ਵਿਭਾਗ ਦੇ ਵਿਦਿਆਰਥੀਆਂ ਨੇ ਮਿਤੀ 6 ਜਨਵਰੀ, 2017 ਨੂੰ ਗੁਰੂ ਨਾਨਕ ਕਾਲਜ, ਬੁਢਲਾਡਾ ਵੱਲੋਂ ਕਰਵਾਏ ਗਏ ਵਾਰ-ਗਾਇਨ ਮੁਕਾਬਲੇ ਵਿਚ ਪਹਿਲਾ ਸਥਾਨ ਅਤੇ ਕਵੀਸ਼ਰੀ ਗਾਇਨ ਵਿਚ ਦੂਜਾ ਸਥਾਨ ਹਾਸਿਲ ਕੀਤਾ।

## ਸੈੱਲ, ਕਲੱਬ, ਸੈਂਟਰ ਅਤੇ ਐਸੋਸੀਏਸ਼ਨਾਂ ਦੀਆਂ ਗਤੀਵਿਧੀਆਂ

**36. ਗੁਰਮਤਿ ਸੁਸਾਇਟੀ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ**

**ਪ੍ਰੋ. ਸਤਨਾਮ ਕੌਰ** ਦੀ ਸੁਯੋਗ ਅਗਵਾਈ ਅਧੀਨ ਇਸ ਸੁਸਾਇਟੀ ਅਤੇ ਸਰਕਲ ਵੱਲੋਂ ਮਿਤੀ 23 ਦਸੰਬਰ, 2016 ਨੂੰ **ਵੱਡੇ ਸਾਹਿਬਜ਼ਾਦਿਆਂ ਦੀ ਯਾਦ** ਵਿਚ ਕਰਵਾਏ ਗਏ ਸਮਾਗਮ ਵਿਚ ਇਸ ਸੁਸਾਇਟੀ ਦੇ 200 ਮੈਂਬਰਾਂ ਨੇ ਭਾਗ ਲਿਆ।

ਮਿਤੀ 10 ਜਨਵਰੀ, 2017 ਨੂੰ ਸ੍ਰੀ ਆਨੰਦਰਪੁਰ ਸਾਹਿਬ ਵਿਖੇ ਹੋਏ **ਨੌਜਵਾਨ ਚੇਤਨਾ ਸਮਾਗਮ** 'ਚ ਇਸ ਸੁਸਾਇਟੀ ਦੇ 250 ਮੈਬਰਾਂ ਨੇ ਭਾਗ ਲਿਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਈ ਜਾਂਦੀ ਧਾਰਮਿਕ ਪ੍ਰੀਖਿਆ 'ਚ ਇਸ ਸਾਲ 10 ਵਿਦਿਆਰਥੀਆਂ ਨੇ ਅਤੇ **ਪੱਤਰ-ਵਿਹਾਰ ਪ੍ਰੀਖਿਆ** 'ਚ ਇਸ ਸਾਲ 35 ਵਿਦਿਆਰਥੀਆਂ ਨੇ ਭਾਗ ਲਿਆ।

ਇਸ ਸੁਸਾਇਟੀ ਦੇ ਮੈਂਬਰ ਕਾਲਜ ਦੇ ਗੁਰਦੁਆਰਾ ਸਾਹਿਬ ਵਿਖੇ ਹਰ ਮਹੀਨੇ **ਸੰਗਰਾਂਦ ਦਾ ਦਿਹਾੜਾ** ਮਨਾਉਂਦੇ ਹਨ ਜਿਸ ਵਿਚ ਕਾਲਜ ਦੇ ਸਮੂਹ ਵਿਦਿਆਰਥੀ ਅਤੇ ਅਧਿਆਪਕ ਸਾਹਿਬਾਨ ਸ਼ਮੂਲੀਅਤ ਕਰਦੇ ਹਨ।

**37. ਪੀ.ਟੀ.ਏ. ਸੈੱਲ**

ਪੀ.ਟੀ.ਏ. ਸੈੱਲ ਦੇ ਕਨਵੀਨਰ **ਪ੍ਰੋ. ਜਸਪ੍ਰੀਤ ਕੌਰ** ਦੀ ਦੇਖ-ਰੇਖ ਹੇਠ ਮਿਤੀ 14 ਅਕਤੂਬਰ, 2016 ਅਤੇ 30 ਮਾਰਚ, 2017 ਨੂੰ **ਪੇਰੈਂਟਸ-ਟੀਚਰਜ਼ ਐਸੋਸੀਏਸ਼ਨ ਦੀਆਂ ਦੋ ਮੀਟਿੰਗਾਂ ਕਾਰਵਾਈਆਂ** ਗਈਆਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਉਨ੍ਹਾਂ ਦੇ ਬੱਚਿਆਂ ਦੇ ਮਿਡ ਸਮੈਸਟਰ ਇਮਤਿਹਾਨਾਂ ਦੇ ਅੰਕਾਂ, ਲੈਕਚਰਾਂ, ਕਲਾਸਾਂ ਵਿਚ ਕਾਰਗੁਜ਼ਾਰੀ, ਕਾਲਜ ਵੱਲੋਂ ਲਗਾਈਆਂ ਜਾਣ ਵਾਲੀਆਂ ਕੋਚਿੰਗ ਅਤੇ ਰਮੀਡੀਅਲ ਕਲਾਸਾਂ ਸਬੰਧੀ ਜਾਣਕਾਰੀ ਦਿੱਤੀ ਗਈ।

**38. ਡਾ. ਗੰਡਾ ਸਿੰਘ ਕਰੀਅਰ ਗਾਈਡੈਂਸ, ਕਾਉਂਸਲਿੰਗ ਐਂਡ ਪਲੇਸਮੈਂਟ ਸੈਂਟਰ**

**ਡਾ. ਜਸਲੀਨ ਕੌਰ** ਦੀ ਸੁਯੋਗ ਅਗਵਾਈ ਹੇਠ ਚੱਲ ਰਹੇ ਕਾਲਜ ਦੇ ਡਾ. ਗੰਡਾ ਸਿੰਘ ਕਰੀਅਰ ਗਾਈਡੈਂਸ, ਕਾਉਂਸਲਿੰਗ ਐਂਡ ਪਲੇਸਮੈਂਟ ਸੈਂਟਰ ਦੁਆਰਾ ਇਸ ਸੈਸ਼ਨ ਦੌਰਾਨ ਮਿਤੀ 24 ਅਗਸਤ, 2016 ਨੂੰ ਐੱਮ.ਬੀ.ਏ. ਅਤੇ ਐੱਮ.ਐੱਲ.ਡੀ. ਦੇ ਵਿਦਿਆਰਥੀਆਂ ਲਈ **ਸ. ਦਵਿੰਦਰ ਸਿੰਘ**, Financial Education Trainer of SEBI, ਵੱਲੋਂ **Financial Education for the Young Investor** ਵਿਸ਼ੇ 'ਤੇ ਇਕ ਰੋਜ਼ਾ **ਵਰਕਸ਼ਾਪ** ਕਰਵਾਈ ਗਈ।

TCS ਵੱਲੋਂ ਐੱਮ.ਬੀ.ਏ. ਅਤੇ ਬੀ.ਬੀ.ਏ. ਦੇ ਵਿਦਿਆਰਥੀਆਂ ਲਈ **Credit Policies** ਵਿਸ਼ੇ 'ਤੇ **ਸੈਮੀਨਾਰ** ਕਰਵਾਇਆ ਗਿਆ।

22 ਸਤੰਬਰ, 2016 ਨੂੰ ਐੱਮ.ਬੀ.ਏ, ਐੱਮ.ਕਾਮ., ਐੱਮ.ਐੱਲ.ਡੀ. ਅਤੇ ਐੱਮ.ਏ. (ਅੰਗ੍ਰੇਜ਼ੀ) ਦੇ ਵਿਦਿਆਰਥੀਆਂ ਲਈ **Online Membership of British Council** ਵਿਸ਼ੇ 'ਤੇ **ਸੈਮੀਨਾਰ** ਕਰਵਾਇਆ ਗਿਆ।

19 ਅਕਤੂਬਰ, 2016 ਨੂੰ ਬੀ.ਬੀ.ਏ. ਭਾਗ ਦੂਜਾ ਅਤੇ ਤੀਜਾ ਦੇ ਵਿਦਿਆਰਥੀਆਂ ਲਈ **ਟ੍ਰੇਨਿੰਗ ਐਂਡ ਡਿਵੈਲਪਮੈਂਟ** ਵਿਸ਼ੇ 'ਤੇ ਇਕ ਰੋਜ਼ਾ **ਸੈਮੀਨਾਰ** ਕਰਵਾਇਆ ਗਿਆ।

20 ਅਕਤੂਬਰ, 2016 ਨੂੰ ਐੱਮ.ਬੀ.ਏ. ਅਤੇ ਬੀ.ਬੀ.ਏ. ਦੇ ਵਿਦਿਆਰਥੀਆਂ ਲਈ ਸ਼੍ਰੀਮਤੀ ਲਿਜ਼ਾ ਸ਼ਰਮਾ, ਮੈਨੇਜਿੰਗ ਡਾਇਰੈਕਟਰ, ਪਰੋਏਸ, ਵੱਲੋਂ **Interview and Soft Skills** ਵਿਸ਼ੇ 'ਤੇ **ਸੈਮੀਨਾਰ** ਕਰਵਾਇਆ ਗਿਆ।

TCS ਵੱਲੋਂ ਬੀ.ਸੀ.ਏ. ਅਤੇ ਬੀ.ਬੀ.ਏ. ਲਈ **Personality Development** ਵਿਸ਼ੇ 'ਤੇ **ਸੈਮੀਨਾਰ** ਕਰਵਾਇਆ ਗਿਆ।

20 ਅਕਤੂਬਰ, 2016 ਨੂੰ SPSS ਤੇ ਅਮਨਪ੍ਰੀਤ ਸਿੰਘ, ਅਸਿਸਟੈਂਟ ਪ੍ਰੋਫ਼ੈਸਰ, ਸਕੂਲ ਆਫ਼ ਮੈਨੇਜਮੈਂਟ ਸਟੱਡੀਜ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਐੱਮ.ਐੱਸਸੀ. ਸਟੈਟੇਸਟਿਕਸ ਦੇ ਵਿਦਿਆਰਥੀਆਂ ਲਈ **6 ਰੋਜ਼ਾ ਵਰਕਸ਼ਾਪ** ਦਾ ਆਯੋਜਨ ਕੀਤਾ ਗਿਆ।

24 ਅਕਤੂਬਰ, 2016 ਤੋਂ 5 ਦਸੰਬਰ, 2016 ਤੱਕ **ਯੂ.ਜੀ.ਸੀ. ਕੋਚਿੰਗ ਕਲਾਸਾਂ** ਲਗਾਈਆ ਗਈਆਂ।

27 ਅਕਤੂਬਰ, 2016 ਨੂੰ ਡਾ. ਭਾਵਨਾ ਚਾਵਲਾ, ਐਸੋਸੀਏਟ ਡੀਨ, ਆਈ.ਬੀ.ਐੱਸ., ਗੁੜਗਾਓਂ ਵੱਲੋਂ **Enhancing Employability Skills** ਵਿਸ਼ੇ 'ਤੇ ਬੀ.ਕਾਮ. ਪ੍ਰੋਫ਼ੈਸ਼ਨਲ ਭਾਗ ਤੀਜਾ, ਬੀ.ਕਾਮ. ਭਾਗ ਤੀਜਾ, ਬੀ.ਬੀ.ਏ. ਭਾਗ ਤੀਜਾ ਅਤੇ ਬੀ.ਕਾਮ. (ਅਕਾਊਂਟਿੰਗ ਐਂਡ ਫ਼ਾਈਨਾਂਸ) ਦੇ ਵਿਦਿਆਰਥੀਆਂ ਲਈ **ਸੈਮੀਨਾਰ** ਕਰਵਾਇਆ ਗਿਆ।

10 ਨਵੰਬਰ, 2016 ਨੂੰ ਬੀ.ਬੀ.ਏ., ਬੀ.ਸੀ.ਏ. ਅਤੇ ਬੀ.ਵਾਕ ਦੇ ਵਿਦਿਆਰਥੀਆਂ ਲਈ Mangat Singh Dhiman, CEO, Digipreneur ਵੱਲੋਂ **Training and Development** ਵਿਸ਼ੇ 'ਤੇ **ਸੈਮੀਨਾਰ** ਕਰਵਾਇਆ ਗਿਆ।

13 ਜਨਵਰੀ, 2017 ਨੂੰ ਐੱਮ.ਕਾਮ., ਬੀ.ਕਾਮ., ਐੱਮ.ਬੀ.ਏ. ਅਤੇ ਬੀ.ਏ. ਦੇ ਵਿਦਿਆਰਥੀਆਂ ਲਈ ਸ਼੍ਰੀ ਯੋਗੇਸ਼ ਰਾਵਤ, ਡਿਪਟੀ ਮੈਨੇਜਰ, ਸਟੇਟ ਬੈਂਕ ਆਫ਼ ਪਟਿਆਲਾ ਵੱਲੋਂ **Cashless Application State Band Buddy** 'ਤੇ **ਸੈਮੀਨਾਰ** ਕਰਵਾਇਆ ਗਿਆ।

13 ਫਰਵਰੀ, 2017 ਐੱਮ.ਬੀ.ਏ. ਅਤੇ ਐੱਮ.ਐੱਲ.ਡੀ. ਦੇ ਵਿਦਿਆਰਥੀਆਂ ਲਈ ਇਕ ਰੋਜ਼ਾ ਵਰਕਸ਼ਾਪ ਆਯੋਜਿਤ ਕੀਤੀ ਗਈ, ਜਿਸ ਵਿਚ ਪ੍ਰੋ. ਕੇ.ਕੇ. ਉੱਪਲ, ਨੇ **Communication and Personality Development** ਵਿਸ਼ੇ 'ਤੇ **ਲੈਕਚਰ** ਦਿੱਤਾ।

15 ਫਰਵਰੀ, 2017 ਐੱਮ.ਬੀ.ਏ., ਐੱਮ.ਕਾਮ., ਐੱਮ.ਐੱਲ.ਡੀ., ਬੀ.ਕਾਮ., ਬੀ.ਕਾਮ. (ਆਨਰਜ਼) ਅਤੇ ਬੀ.ਕਾਮ. ਅਕਾਊਂਟਿੰਗ ਐਂਡ ਫ਼ਾਇਨਾਂਸ ਦੇ ਵਿਦਿਆਰਥੀਆਂ ਲਈ **ਆਈ.ਸੀ.ਆਈ.ਸੀ.ਆਈ. (ਪਰਿਊਡੈਂਸ਼ਿਅਲ)** ਵੱਲੋਂ **ਪਲੇਸਮੈਂਟ ਡਰਾਈਵ** ਕਰਵਾਈ ਗਈ, ਜਿਸ ਵਿਚ **25 ਵਿਦਿਆਰਥੀਆਂ ਦੀ ਪਲੇਸਮੈਂਟ** ਹੋਈ।

## 39. ਮਾਤਾ ਗੁਜਰੀ ਗਰਲਜ਼ ਹੋਸਟਲ

ਮਾਤਾ ਗੁਜਰੀ ਗਰਲਜ਼ ਹੋਸਟਲ ਵਿਚ **ਚੀਫ਼ ਵਾਰਡਨ ਪ੍ਰੋ. ਜਸਪ੍ਰੀਤ ਕੌਰ** ਦੀ ਦੇਖ-ਰੇਖ ਹੇਠ ਇਸ ਸਮੇਂ **302 ਵਿਦਿਆਰਥਣਾਂ ਰਹਿ ਰਹੀਆਂ ਹਨ**, ਜਿਨ੍ਹਾਂ ਵਿਚੋਂ **42 ਵਿਦਿਆਰਥਣਾਂ** ਨੂੰ ਹਾਕੀ, ਕਬੱਡੀ, ਹੈਂਡਬਾਲ, ਬੈਡਮਿੰਟਨ, ਐਥਲੈਟਿਕਸ, ਟੇਬਲ ਟੈਨਿਸ ਅਤੇ ਬਾਸਕਟ ਬਾਲ ਦੀਆਂ ਖਿਡਾਰਣਾਂ ਹੋਣ ਕਾਰਣ ਕਾਲਜ ਵੱਲੋਂ **ਮੁਫ਼ਤ ਰਹਿਣ ਅਤੇ ਖਾਣ-ਪੀਣ ਦੀ ਸਹੂਲਤ** ਪ੍ਰਦਾਨ ਕੀਤੀ ਗਈ ਹੈ। ਵਿਦਿਆਰਥਣਾਂ ਦੀ ਸਹੂਲਤ ਵਾਸਤੇ ਟ੍ਰਾਂਸਪੋਰਟ, ਜਿਮਨੇਜ਼ਿਅਮ, ਇਨਡੋਰ ਗੇਮਜ਼ ਦਾ ਖ਼ਾਸ ਪ੍ਰਬੰਧ ਕੀਤਾ ਗਿਆ ਹੈ। ਵਿਦਿਆਰਥਣਾਂ ਦੇ ਬਿਮਾਰ ਹੋਣ 'ਤੇ ਸਿਹਤ ਸਹੂਲਤ ਨੂੰ ਮੱਦੇ-ਨਜ਼ਰ ਰੱਖਦੇ ਹੋਏ ਕਾਲਜ ਵੱਲੋਂ **ਫ਼ਰੀ ਐਂਬੂਲੈਂਸ ਸਹੂਲਤ** ਪ੍ਰਦਾਨ ਕੀਤੀ ਗਈ ਹੈ।

ਹੋਸਟਲ ਦੀਆ ਵਿਦਿਆਰਥਣਾਂ ਨੂੰ ਉੱਚੇਰੀਆਂ ਸਭਿਆਚਾਰਕ ਅਤੇ ਨੈਤਿਕ ਕਦਰਾਂ-ਕੀਮਤਾਂ ਪ੍ਰਦਾਨ ਕਰਨ ਲਈ ਮਿਤੀ 11 ਅਗਸਤ, 2016 ਨੂੰ **ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ** ਪਾਏ ਗਏ। ਮਿਤੀ 30 ਅਗਸਤ, 2016 ਨੂੰ ਡੀਨ ਲੜਕੀਆਂ ਭਲਾਈ **ਡਾ. ਗੁਰਦੀਸ਼ ਕੌਰ** ਨੇ ਹੋਸਟਲ ਦੀਆਂ ਵਿਦਿਆਰਥਣਾਂ ਨੂੰ **ਜ਼ਿੰਦਗੀ ਵਿਚ ਉੱਚੇਰੀਆਂ ਕਦਰਾਂ-ਕੀਮਤਾਂ ਦੀ ਮਹੱਤਤਾ** ਸਬੰਧੀ **ਲੈਕਚਰ** ਦਿੱਤਾ। ਇਸ ਤੋਂ ਇਲਾਵਾ ਮਿਤੀ 17 ਸਤੰਬਰ, 2016 ਨੂੰ **ਫ਼ਰੈਸ਼ਰਜ਼ ਪਾਰਟੀ**, ਮਿਤੀ 11 ਅਕਤੂਬਰ, 2016 ਨੂੰ **ਦੁਸ਼ਹਿਰਾ**, ਮਿਤੀ 17 ਅਕਤੂਬਰ, 2016 ਨੂੰ **ਡਾ. ਮੀਨਾ ਗਰਗ ਦਾ ਸਿਹਤ ਸਬੰਧੀ ਲੈਕਚਰ**, ਮਿਤੀ 26 ਅਕਤੂਬਰ, 2016 ਨੂੰ **ਦੀਵਾਲੀ**, ਮਿਤੀ 14 ਨਵੰਬਰ, 2016 ਨੂੰ **ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ**, 13 ਜਨਵਰੀ, 2017 ਨੂੰ **ਲੋਹੜੀ** ਦਾ ਤਿਉਹਾਰ, ਮਿਤੀ 4 ਫਰਵਰੀ, 2017 ਨੂੰ **ਬਸੰਤ ਪੰਚਮੀ** ਦਾ ਤਿਉਹਾਰ ਹੋਸਟਲ ਵਿਖੇ **ਵਾਰਡਨ ਰੁਪਿੰਦਰ ਕੌਰ** ਦੀ ਦੇਖ-ਰੇਖ ਹੇਠ ਮਨਾਏ ਗਏ।

## 40. ਲਾਈਬ੍ਰੇਰੀ

ਇਸ ਸੈਸ਼ਨ ਦੌਰਾਨ ਲਾਇਬ੍ਰੇਰੀ ਵਾਸਤੇ ਹੁਣ ਤੱਕ 664144 ਰੁ: ਦੀਆਂ **1936 ਨਵੀਆਂ ਕਿਤਾਬਾਂ ਖਰੀਦੀਆਂ** ਗਈਆਂ, ਜਿਸ ਨਾਲ ਲਾਇ੍ਬੇਰੀ ਵਿਖੇ ਹੁਣ **ਕਿਤਾਬਾਂ ਦੀ ਕੁਲ ਗਿਣਤੀ 37477** ਹੋ ਗਈ ਹੈ। ਕਾਲਜ ਵਿਦਿਆਰਥੀਆਂ, ਅਧਿਆਪਨ ਅਤੇ ਗ਼ੈਰ-ਅਧਿਆਪਨ ਅਮਲੇ ਨੂੰ ਹੁਣ ਤੱਕ (ਮਿਤੀ 20 ਫ਼ਰਵਰੀ, 2017) 11800 ਕਿਤਾਬਾਂ ਜਾਰੀ ਕੀਤੀਆਂ ਗਈਆਂ। **ਪੀ.ਟੀ.ਏ. ਫ਼ੰਡ ਵਿਚੋਂ ਕਾਲਜ ਦੇ ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ ਨੂੰ 79909 ਰੁ:** ਦੀਆਂ, **82 ਵਿਦਿਆਰਥੀਆਂ ਨੂੰ ਪੂਰੇ ਸੈਸ਼ਨ ਲਈ ਜਾਰੀ ਕੀਤੀਆਂ ਗਈਆਂ**।ਲਾਇਬ੍ਰੇਰੀ

ਵਿਚ ਵੱਖ-ਵੱਖ ਵਿਭਾਗਾਂ ਨਾਲ ਸਬੰਧਤ **72 ਜਰਨਲ ਅਤੇ ਮੈਗਜ਼ੀਨ ਲਗਵਾਏ ਗਏ** ਹਨ। ਇਸ ਸਮੇਂ ਲਾਇਬ੍ਰੇਰੀ ਵਿਚ ਅੰਗ੍ਰੇਜ਼ੀ, ਹਿੰਦੀ ਅਤੇ ਪੰਜਾਬੀ ਭਾਸ਼ਾਵਾਂ ਦੇ **22 ਅਖ਼ਬਾਰ** ਆ ਰਹੇ ਹਨ। ਕਾਲਜ ਲਾਇਬ੍ਰੇਰੀ ਵਿਚ **ਤਿੰਨ ਈ-ਰਿਸੋਰਸਜ਼ ਐਨ ਲਿਸਟ (5,725/-), ਜੇ-ਗੇਟ (69,000/-), ਡੈਲਨੈੱਟ (11,500/-) ਲਏ ਗਏ ਹਨ।** ਇਨ੍ਹਾਂ ਈ-ਰਿਸੋਰਸਜ਼ ਰਾਹੀਂ ਪਾਠਕ ਬਹੁਤ ਜ਼ਿਆਦਾ ਗਿਣਤੀ ਵਿਚ ਈ-ਜਨਰਲਜ਼ ਅਤੇ ਈ-ਕਿਤਾਬਾਂ ਔਨ ਲਾਈਨ ਦੇਖ ਸਕਦੇ ਹਾਂ।

ਲਾਇਬ੍ਰੇਰੀ ਦਾ ਰਿਕਾਰਡ ਸਰਚ ਕਰਨ ਵਾਸਤੇ ਲਾਇਬ੍ਰੇਰੀ ਓ.ਪੀ.ਏ.ਸੀ. ਨੂੰ ਕਾਲਜ ਦੀ ਵੈਬਸਾਇਟ ਨਾਲ ਜੋੜ ਕੇ ਵੈੱਬ ਓ.ਪੀ.ਏ.ਸੀ. ਬਣਾਇਆ ਗਿਆ ਤਾਂ ਜੋ ਕੋਈ ਵੀ ਪਾਠਕ ਸੰਸਾਰ ਦੇ ਕਿਸੇ ਵੀ ਹਿੱਸੇ ਵਿਚ ਬੈਠ ਕੇ ਲਾਇਬ੍ਰੇਰੀ ਰਿਕਾਰਡ ਸਰਚ ਕਰ ਸਕੇ ਕਾਲਜ ਦੀ ਲਾਇਬ੍ਰੇਰੀ ਅਜਿਹੀ ਪਹਿਲੀ ਲਾਇਬ੍ਰੇਰੀ ਹੈ ਜਿੱਥੇ ਇਹ ਸਹੂਲਤ ਪ੍ਰਦਾਨ ਕੀਤੀ ਜਾ ਰਹੀ ਹੈ।

**41. ਕਾਲਜ ਮੈਗਜ਼ੀਨ 'ਦਿ ਪਟਿਆਲਾ'**

ਵਿਦਿਆਰਥੀਆਂ ਅੰਦਰ ਲੁਕੀ ਸਾਹਿਤਕ ਪ੍ਰਤਿਭਾ ਨੂੰ ਉਭਾਰਨ, ਨਿਖਾਰਨ ਅਤੇ ਉਨ੍ਹਾਂ ਨੂੰ ਸਾਰੇ ਕਾਲਜ ਵਿੱਚ ਹੋਈਆਂ ਗਤੀਵਿਧੀਆਂ, ਸਰਗਰਮੀਆਂ ਅਤੇ ਕਾਲਜ ਦੀਆਂ ਪ੍ਰਾਪਤੀਆਂ ਸਬੰਧੀ ਜਾਣਕਾਰੀ ਪ੍ਰਦਾਨ ਕਰਨ ਲਈ **ਚੀਫ਼ ਅਡੀਟਰ ਡਾ. ਹਰਵਿੰਦਰ ਕੌਰ** ਅਤੇ **ਡਿਪਟੀ ਚੀਫ਼ ਅਡੀਟਰ ਡਾ. ਪੁਸ਼ਪਿੰਦਰ ਕੌਰ**, ਦੀ ਸੁਚੱਜੀ ਦੇਖ ਰੇਖ ਹੇਠ ਸਾਲ 2016 ਦਾ ਕਾਲਜ ਮੈਗਜ਼ੀਨ **ਦਿ ਪਟਿਆਲਾ** ਅਪ੍ਰੈਲ, 2017 ਦੌਰਾਨ ਕੱਢਿਆ ਜਾਵੇਗਾ। ਇਸ ਮੈਗਜ਼ੀਨ ਵਿਚ **ਪ੍ਰੋ. ਨਵਦੀਪ ਕੌਰ** (ਅੰਗ੍ਰੇਜ਼ੀ), **ਪ੍ਰੋ. ਸੁਖਮੋਹਨ ਕੌਰ** (ਪੰਜਾਬੀ), **ਡਾ. ਹਰਵਿੰਦਰ ਕੌਰ** (ਹਿੰਦੀ), **ਡਾ. ਨਿਪੁੰਨਜੋਤ ਕੌਰ** (ਸਾਇੰਸ), **ਪ੍ਰੋ. ਰਾਜਵਿੰਦਰ ਕੌਰ** (ਕਾਮਰਸ), **ਪ੍ਰੋ. ਰੋਜ਼ੀ ਬਾਂਸਲ** (ਖੇਤੀਬਾੜੀ) ਅਤੇ **ਪ੍ਰੋ. ਮਨਜੋਤ ਕੌਰ** (ਕੰਪਿਊਟਰ) ਸੈਕਸ਼ਨਾਂ ਦੇ ਅਧਿਆਪਕ ਇੰਚਾਰਜ ਵਜੋਂ ਡਿਊਟੀ ਨਿਭਾਉਣਗੇ।